# ਨਸਲੀ ਬਰਾਬਰੀ ਨੂੰ ਉਤਸ਼ਾਹਿਤ ਕਰਨ 'ਤੇ ਮੌਜੂਦਾ ਅਤੇ ਯੋਜਨਾਬੱਧ ਉਪਾਅ

## ਸਿੱਖਿਆ ਬਿਊਰੋ

ਸਰਕਾਰ ਚੀਨੀ ਨਾ ਬੋਲਣ ਵਾਲੇ (NCS) ਵਿਦਿਆਰਥੀਆਂ[1] ਨੂੰ ਕਮਿਊਨਿਟੀ ਵਿੱਚ ਸ਼ਾਮਿਲ ਕਰਨ ਨੂੰ ਉਤਸ਼ਾਹਿਤ ਅਤੇ ਸਮੱਰਥਨ ਲਈ ਵਚਨਬੱਧ ਹੈ, ਜਿਸ ਵਿੱਚ ਉਨ੍ਹਾਂ ਨੂੰ ਸਥਾਨਕ ਸਿੱਖਿਆ ਪ੍ਰਣਾਲੀ ਵਿੱਚ ਛੇਤੀ ਢਾਲਣ ਦੀ ਸਹੂਲਤ ਅਤੇ ਚੀਨੀ ਭਾਸ਼ਾ ਵਿੱਚ ਮੁਹਾਰਤ ਸ਼ਾਮਿਲ ਹੈ। ਸੰਬੰਧਿਤ ਸਕੂਲ ਸਥਾਨਾਂ ਦੀ ਵੰਡ ਪ੍ਰਣਾਲੀ ਜੋ ਮਾਪਿਆਂ ਦੇ ਸਕੂਲ ਵਿਕਲਪਾਂ ਦੇ ਸੰਬੰਧ ਵਿੱਚ ਨਿਰਪੱਖ ਅਤੇ ਪਾਰਦਰਸ਼ੀ ਹੈ ਦੇ ਅਧੀਨ ਜਨਤਕ ਖੇਤਰ ਦੇ ਸਕੂਲਾਂ ਦੇ ਪ੍ਰਾਇਮਰੀ ਵਨ ਅਤੇ ਸੈਕੰਡਰੀ ਵਨ ਵਿੱਚ ਦਾਖਲੇ ਦੇ ਬਰਾਬਰ ਮੌਕਿਆਂ ਦਾ ਆਨੰਦ ਲੈਂਦੇ ਹਨ, । 2014/15 ਦੇ ਸਕੂਲੀ ਸਾਲ ਦੇ ਸ਼ੁਰੂ ਤੋਂ, EDB ਨੇ NCS ਵਿਦਿਆਰਥੀਆਂ ਦੀ ਚੀਨੀ ਭਾਸ਼ਾ ਦੀ ਪ੍ਰਭਾਵਸ਼ਾਲੀ ਸਿਖਲਾਈ ਅਤੇ ਸਕੂਲਾਂ ਵਿੱਚ ਸਿੱਖਣ ਦੇ ਸ਼ਮੂਲੀਅਤ ਵਾਲੇ ਵਾਤਾਵਰਣ ਦੀ ਸਿਰਜਣਾ ਲਈ ਸਹਾਇਤਾ ਨੂੰ ਵਧਾਉਣ ਲਈ ਸਮਰਥਿਤ ਉਪਾਆਂ ਦੀ ਇੱਕ ਲੜੀ ਨੂੰ ਲਾਗੂ ਕੀਤਾ ਹੈ। ਨੀਤੀ ਦਾ ਉਦੇਸ਼ NCS ਵਿਦਿਆਰਥੀਆਂ ਦੇ ਮਾਪਿਆਂ ਨੂੰ ਉਤਸ਼ਾਹਿਤ ਕਰਨਾ ਹੈ ਕਿ ਉਹ ਜਲਦੀ ਤੋਂ ਜਲਦੀ ਚੀਨੀ ਭਾਸ਼ਾ ਨਾਲ ਭਰਪੂਰ ਵਾਤਾਵਰਣ ਵਾਲੇ ਸਕੂਲ ਵਿੱਚ ਆਪਣੇ ਬੱਚਿਆਂ ਨੂੰ ਚੀਨੀ ਭਾਸ਼ਾ ਵਿੱਚ ਮੁਹਾਰਤ ਨੂੰ ਵਧਾਉਣ ਲਈ ਪ੍ਰਬੰਧ ਕਰਨ। ਮੁੱਖ ਸਹਾਇਤਾ ਉਪਾਅ ਹੇਠ ਦਿੱਤੇ ਅਨੁਸਾਰ ਹਨ:

### "ਚੀਨੀ ਭਾਸ਼ਾ ਪਾਠਕ੍ਰਮ ਦੂਜੀ ਭਾਸ਼ਾ ਸਿੱਖਣ ਦਾ ਫਰੇਮਵਰਕ"

ਸੱਬੰਧਿਤ ਸੇਵਾਵਾਂ

- "ਚੀਨੀ ਭਾਸ਼ਾ ਪਾਠਕ੍ਰਮ ਦੂਜੀ ਭਾਸ਼ਾ ਸਿੱਖਣ ਦਾ ਫਰੇਮਵਰਕ" ("ਸਿੱਖਣ ਦਾ ਫਰੇਮਵਰਕ"), ਜਿਸਨੂੰ ਅਧਿਆਪਕਾਂ ਅਤੇ ਭਾਸ਼ਾ ਮਾਹਰਾਂ ਦੀ ਸਲਾਹ ਨਾਲ ਤਿਆਰ ਕੀਤਾ ਗਿਆ ਸੀ, ਅਤੇ ਸਿੱਖਿਆ ਅਤੇ ਅਧਿਆਪਨ ਸਮੱਗਰੀ ਨਾਲ ਪੂਰਕ ਹੈ, ਨੂੰ NCS ਵਿਦਿਆਰਥੀਆਂ ਨੂੰ ਚੀਨੀ ਸਿੱਖਣ ਵਿੱਚ ਸਹਾਇਤਾ ਕਰਨ ਲਈ 2014/15 ਤੋਂ ਪ੍ਰਾਇਮਰੀ ਅਤੇ ਸੈਕੰਡਰੀ ਸਕੂਲਾਂ ਵਿੱਚ ਲਾਗੂ ਕੀਤਾ ਗਿਆ ਹੈ।

ਮੌਜੂਦਾ ਉਪਾਅ

*ਸਿੱਖਣ ਦਾ ਫਰੇਮਵਰਕ*

- ਦੂਜੀ ਭਾਸ਼ਾ ਸਿੱਖਣ ਵਾਲਿਆਂ ਦੇ ਨਜ਼ਰੀਏ ਤੋਂ ਵਿਕਸਿਤ, ਸਿੱਖਣ ਦਾ ਫਰੇਮਵਰਕ NCS ਵਿਦਿਆਰਥੀਆਂ ਦੇ ਵੱਖੋ-ਵੱਖਰੇ ਸਿਖਲਾਈ ਪੜਾਵਾਂ 'ਤੇ ਸਿਖਲਾਈ ਦੇ ਸੰਭਾਵਿਤ ਨਤੀਜਿਆਂ ਨੂੰ ਸਪੱਸ਼ਟ ਤੌਰ 'ਤੇ ਤਹਿ ਕਰਦਾ ਹੈ। ਇਹ NCS ਵਿਦਿਆਰਥੀਆਂ ਦੀ ਸਿਖਲਾਈ ਦੀ ਪ੍ਰਭਾਵਸ਼ੀਲਤਾ ਨੂੰ ਵਧਾਉਣ ਲਈ ਪ੍ਰਗਤੀਸ਼ੀਲ ਸਿਖਲਾਈ ਦੇ ਟੀਚਿਆਂ, ਸਿੱਖਣ ਦੀ ਪ੍ਰਗਤੀ ਅਤੇ ਅਨੁਮਾਨਿਤ ਸਿਖਲਾਈ ਦੇ ਨਤੀਜਿਆਂ ਦੀ ਸਥਾਪਨਾ ਵਿੱਚ ਅਧਿਆਪਕਾਂ ਦੀ ਸਹਾਇਤਾ ਕਰਨ ਲਈ ਹੈ।

[1] ਵਿੱਦਿਅਕ ਸਹਾਇਤਾ ਉਪਾਆਂ ਦੀ ਯੋਜਨਾ ਲਈ, ਜਿਨ੍ਹਾਂ ਵਿਦਿਆਰਥੀਆਂ ਦੀ ਘਰ ਵਿੱਚ ਬੋਲੀ ਜਾਣ ਵਾਲੀ ਬੋਲੀ ਚੀਨੀ ਨਹੀਂ ਹੈ, ਨੂੰ ਮੋਟੇ ਤੌਰ 'ਤੇ NCS ਵਿਦਿਆਰਥੀਆਂ ਵਜੋਂ ਸ਼੍ਰੇਣੀਬੱਧ ਕੀਤਾ ਜਾਂਦਾ ਹੈ। ਸਿੱਖਿਆ ਬਿਊਰੋ (EDB) ਸਿਖਿਆ ਤੋਂ ਸੰਬੰਧਤ ਮਕਸਦਾਂ ਲਈ ਹਰ ਸਕੂਲ ਸਾਲ ਵਿੱਚ ਸਕੂਲਾਂ ਤੋਂ ਵਿਦਿਆਰਥੀਆਂ ਦੀ ਜਾਣਕਾਰੀ ਇਕਤ੍ਰ ਕਰਦਾ ਹੈ, ਜਿਸ ਵਿੱਚ ਘਰ ਵਿੱਚ ਉਨ੍ਹਾਂ ਦੀ ਬੋਲੀ ਜਾਣ ਵਾਲੀ ਬੋਲੀ ਅਤੇ ਜਾਤਿ ਆਦਿ ਸ਼ਾਮਲ ਹਨ।

- ਅਧਿਆਪਕਾਂ ਨੂੰ ਪਾਠਕ੍ਰਮ ਦੀ ਯੋਜਨਾ, ਸਿਖਲਾਈ ਅਤੇ ਅਧਿਆਪਨ, ਅਤੇ ਮੁਲਾਂਕਣ ਵਿੱਚ ਮਾਰਗਦਰਸ਼ਨ ਅਤੇ ਸਹਾਇਤਾ ਪ੍ਰਦਾਨ ਕਰਨ ਲਈ, EDB ਨਿਰੰਤਰ ਵਿਭਿੰਨ ਸਿਖਲਾਈ ਅਤੇ ਅਧਿਆਪਨ ਦੇ ਸਾਧਨਾਂ ਜਿਵੇਂ ਕਿ "NCS ਵਿਦਿਆਰਥੀਆਂ ਲਈ ਚੀਨੀ ਭਾਸ਼ਾ ਮੁਲਾਂਕਣ ਉਪਕਰਣ" ਅਤੇ ਪੜ੍ਹਾਉਣ ਲਈ ਸੰਦਰਭ ਸਮੱਗਰੀ ਦਾ ਵਿਕਾਸ ਕਰ ਰਿਹਾ ਹੈ। ਇਹ ਸਾਰੇ ਸਰੋਤ EDB ਦੇ ਵੈਬਪੇਜ਼ 'ਤੇ ਅਪਲੋਡ ਕੀਤੇ ਗਏ ਹਨ ਅਤੇ ਨਿਰੰਤਰ ਅਧਾਰ 'ਤੇ ਅੱਪਡੇਟ ਕੀਤੇ ਜਾਣਗੇ। ਹੋਰਨਾਂ ਵਿੱਚ, EDB ਪ੍ਰਾਇਮਰੀ ਪੱਧਰ 'ਤੇ NCS ਵਿਦਿਆਰਥੀਆਂ ਦੇ ਲਈ ਸਿੱਖਣ ਵਾਲੀ ਅਤੇ ਅਧਿਆਪਨ ਸਮੱਗਰੀ ਦਾ ਇੱਕ ਸੈੱਟ ਤਿਆਰ ਕਰ ਰਹੀ ਹੈ, ਜਿਸ ਵਿੱਚ ਵਿਦਿਆਰਥੀ ਦੀਆਂ ਪਾਠ-ਪੁਸਤਕਾਂ, ਵਰਕਬੁੱਕਾਂ ਅਤੇ ਅਧਿਆਪਨ ਦੀ ਹਵਾਲਾ ਸਮੱਗਰੀ ਸ਼ਾਮਿਲ ਹੈ। ਸਮੱਗਰੀ ਨੂੰ EDB ਵੈੱਬਪੇਜ 'ਤੇ ਅੱਪਲੋਡ ਕਰ ਦਿੱਤਾ ਗਿਆ ਹੈ ਅਤੇ ਸਕੂਲਾਂ ਨੂੰ ਚਰਨਾਂ ਵਿੱਚ ਵੰਡਿਆ ਗਿਆ ਹੈ ਅਤੇ ਹੋਰ ਸਿੱਖਨ ਅਤੇ ਸਿਖਾਨ ਦੀ ਸਮੱਗਰੀ ਬਾਦ ਵਿੱਚ ਅਪਲੋਡ ਕਿੱਤੀ ਜਾਵੇਗੀ। ਸਕੂਲ NCS ਵਿਦਿਆਰਥੀਆਂ ਦੀਆਂ ਵਿਭਿੰਨ ਸਿਖਲਾਈ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਆਪਣੇ ਪਾਠਕ੍ਰਮ ਦੇ ਸੰਦਰਭ ਵਿੱਚ ਇਨ੍ਹਾਂ ਸਮੱਗਰੀਆਂ ਨੂੰ ਢਾਲ ਸਕਦੇ ਹਨ।

*ਸਕੂਲਾਂ ਲਈ ਫੰਡਿੰਗ ਸਹਾਇਤਾ ਵਿੱਚ ਸੁਧਾਰ*

- ਸਾਲ 2014/15 ਦੇ ਸਕੂਲੀ ਸਾਲ ਤੋਂ ਸ਼ੁਰੂ, EDB ਨੇ ਸਕੂਲਾਂ ਨੂੰ ਵਧੇਰੇ ਫੰਡ ਦੇਣ ਵਿੱਚ ਕਾਫ਼ੀ ਵਾਧਾ ਕੀਤਾ ਹੈ, ਅਤੇ ਸਕੂਲਾਂ ਨੂੰ ਪੜ੍ਹਾਉਣ ਦੇ ਸਰੋਤ, ਅਧਿਆਪਕ ਸਿਖਲਾਈ ਅਤੇ ਪੇਸ਼ੇਵਰ ਸਹਾਇਤਾ ਪ੍ਰਦਾਨ ਕੀਤੀ ਹੈ ਜਿਸ ਨਾਲ ਚੀਨੀ ਨੂੰ ਸਿੱਖਣ ਵਿੱਚ NCS ਦੇ ਵਿਦਿਆਰਥੀਆਂ ਲਈ ਸਹਾਇਤਾ ਵਿੱਚ ਵਾਧਾ ਕੀਤਾ ਜਾ ਸਕੇ, ਜਿਸ ਵਿੱਚ ਪ੍ਰਾਇਮਰੀ ਅਤੇ ਸੈਕੰਡਰੀ ਸਕੂਲਾਂ ਵਿੱਚ ਸਿੱਖਣ ਦਾ ਫਰੇਮਵਰਕ ਵੀ ਸ਼ਾਮਿਲ ਹੈ, ਅਤੇ ਸਕੂਲਾਂ ਵਿੱਚ ਸਿਖਲਾਈ ਦੇ ਇੱਕ ਮਾਹੌਲ ਦੀ ਸਿਰਜਣਾ ਕਰਨਾ ਵੀ ਸ਼ਾਮਿਲ ਹੈ। ਸਾਰੇ ਪਬਲਿਕ ਸੈਕਟਰ ਦੇ ਪ੍ਰਾਇਮਰੀ ਅਤੇ ਸੈਕੰਡਰੀ ਸਕੂਲ ਅਤੇ ਡਾਇਰੈਕਟ ਸਬਸਿਡੀ ਸਕੀਮ (DSS) ਵਾਲੇ ਪ੍ਰਾਇਮਰੀ ਅਤੇ ਸੈਕੰਡਰੀ ਸਕੂਲ ਜੋ ਸਥਾਨਕ ਪਾਠਕ੍ਰਮ (ਸਧਾਰਨ ਸਕੂਲ) ਦੀ ਪੇਸ਼ਕਸ਼ ਕਰਦੇ ਹਨ ਅਤੇ 10 ਜਾਂ ਵਧੇਰੇ NCS ਵਿਦਿਆਰਥੀਆਂ ਨੂੰ ਅਤੇ ਖਾਸ ਸਕੂਲ 6 ਜਾਂ ਵਧੇਰੇ NCS ਵਿਦਿਆਰਥੀਆਂ ਨੂੰ ਦਾਖਿਲਾ ਦਿੰਦੇ ਹਨ, ਨੂੰ ਦਾਖਿਲ ਕੀਤੇ NCS ਵਿਦਿਆਰਥੀਆਂ ਦੀ ਗਿਣਤੀ ਦੇ ਅਧਾਰ 'ਤੇ ਪ੍ਰਤੀ ਸਾਲ $0.65 ਮਿਲੀਅਨ ਤੋਂ $1.5 ਮਿਲੀਅਨ ਤੱਕ ਦਾ ਵਧੇਰੇ ਫੰਡ ਮੁਹੱਈਆ ਕਰਾਇਆ ਜਾਂਦਾ ਹੈ। ਸੰਬੰਧਿਤ ਸਧਾਰਨ ਸਕੂਲਾਂ ਨੂੰ, "NCS ਵਿਦਿਆਰਥੀਆਂ ਲਈ ਚੀਨੀ ਭਾਸ਼ਾ ਮੁਲਾਂਕਣ ਸਾਧਨਾਂ" ਦੇ ਨਤੀਜਿਆਂ ਦੇ ਨਾਲ-ਨਾਲ ਆਪਣੇ NCS ਵਿਦਿਆਰਥੀਆਂ ਦੀ ਸਿੱਖਣ ਦੀ ਕਾਰਗੁਜ਼ਾਰੀ ਅਤੇ ਪ੍ਰਗਤੀ ਦੇ ਅਧਾਰ 'ਤੇ, ਸਿਖਲਾਈ ਦੇ ਟੀਚਿਆਂ ਨੂੰ ਅਨੁਕੂਲ ਕਰਨ ਅਤੇ ਗਹਿਰਾਈ ਨਾਲ ਸਿੱਖਣ ਦੇ ਵਿਭਿੰਨ ਤਰੀਕਿਆਂ ਅਤੇ ਪੜ੍ਹਾਉਣ ਦੇ ਢੰਗਾਂ ਨੂੰ ਅਪਣਾਉਣ ਦੀ ਜ਼ਰੂਰਤ ਹੁੰਦੀ ਹੈ, ਜਿਵੇਂ ਕਿ ਚੀਨੀ ਨੂੰ ਸਿੱਖਣ ਵਿੱਚ NCS ਵਿਦਿਆਰਥੀਆਂ ਦੀ ਪ੍ਰਭਾਵਸ਼ੀਲਤਾ ਵਧਾਉਣ ਦੇ ਉਦੇਸ਼ ਨਾਲ ਸਿਖਲਾਈ, ਅਲੱਗ ਤੋਂ ਕਲਾਸ/ਸਮੂਹ ਸਿਖਲਾਈ, ਸਕੂਲ ਤੋਂ ਬਾਅਦ ਦੇ ਇਕਜੁੱਟਤਾ ਆਦਿ ਨੂੰ ਉਚਿਤ ਬਣਾਉਣਾ। ਸੰਬੰਧਿਤ ਸਕੂਲ NCS ਵਿਦਿਆਰਥੀਆਂ ਦੇ ਮਾਪਿਆਂ ਨਾਲ ਸੰਚਾਰ ਨੂੰ ਮਜ਼ਬੂਤ ਕਰਨ ਅਤੇ ਬਹੁ-ਸਭਿਆਚਾਰਕ ਗਤੀਵਿਧੀਆਂ ਦਾ ਪ੍ਰਬੰਧ ਕਰਨ ਲਈ ਵਿਭਿੰਨ ਨਸਲਾਂ ਦੇ ਸਹਾਇਕਾਂ ਨ ਨਿਯੁਕਤ ਕਰ ਸਕਦੇ ਹਨ ਅਤੇ/ਜਾਂ ਅਨੁਵਾਦ ਸੇਵਾਵਾਂ ਪ੍ਰਾਪਤ ਕਰ ਸਕਦੇ ਹਨ।

- ਜਿਵੇਂ ਕਿ ਤੁਲਨਾਤਮਕ ਤੌਰ ਤੇ ਘੱਟ ਗਿਣਤੀ ਵਿੱਚ NCS ਵਿਦਿਆਰਥੀਆਂ (ਭਾਵ 1 ਤੋਂ 9 ਵਿਧਿਆਰਥੀ) ਨੂੰ ਦਾਖਿਲ ਕਰਨ ਵਾਲੇ ਸਧਾਰਨ ਸਕੂਲ ਅਤੇ 1 ਤੋਂ 5 NCS ਵਿਦਿਆਰਥੀਆਂ ਨੂੰ ਦਾਖਿਲ ਕਰਨ ਵਾਲੇ ਖਾਸ ਸਕੂਲਾਂ ਦੇ ਸੰਬੰਧ ਵਿੱਚ, ਉਨ੍ਹਾਂ ਦੇ NCS ਵਿਦਿਆਰਥੀ ਸਕੂਲ ਦੇ ਚੀਨੀ ਭਾਸ਼ਾ ਦੇ ਵਾਤਾਵਰਣ ਅਤੇ ਨਾਲ ਹੀ ਸਿੱਖਣ ਦੇ ਫਰੇਮਵਰਕ ਤੋਂ ਲਾਭ ਲੈ ਸਕਦੇ ਹਨ। ਇਹ ਸਕੂਲ 2019/20 ਸਕੂਲ ਸਾਲ ਤੱਕ ਲੋੜ ਪੈਣ 'ਤੇ ਪ੍ਰਤੀ ਸਾਲ $50,000 ਦੇ ਵਧੇਰੇ ਫੰਡ ਲਈ ਅਰਜ਼ੀ ਦੇ ਸਕਦੇ ਹਨ ਜੋ ਸਕੂਲ ਤੋਂ ਬਾਅਦ ਚੀਨੀ ਭਾਸ਼ਾ ਸਹਾਇਤਾ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਦੇ ਹਨ

- NCS ਵਿਦਿਆਰਥੀਆਂ ਲਈ ਚੀਨੀ ਨੂੰ ਸਿੱਖਣ ਵਿੱਚ ਸਹਾਇਤਾ ਵਧਾਉਣ ਅਤੇ ਸਕੂਲਾਂ ਵਿੱਚ ਸਿੱਖਣ ਦੇ ਮਾਹੌਲ ਦਾ ਨਿਰਮਾਣ ਕਰਨ ਲਈ, 2020/21 ਸਕੂਲ ਸਾਲ ਤੋਂ, EDB ਨੇ 1 ਤੋਂ 9 NCS ਵਿਧਿਆਰਥਿਆਂ ਨੂੰ ਦਾਖਿਲ ਕਰਨ ਵਾਲੇ ਸਧਾਰਨ ਸਕੂਲਾਂ ਨੂੰ ਅਤੇ 1 ਤੋਂ 5 NCS ਵਿਧਿਆਰਥਿਆਂ ਨੂੰ ਦਾਖਿਲ ਕਰਨ ਵਾਲੇ ਖਾਸ ਸਕੂਲਾਂ ਨੂੰ ਇੱਕ ਨਵਾਂ ਫੰਡਿੰਗ ਮੋਡ ਪ੍ਰਦਾਨ ਕਿੱਤਾ ਹੈ ਜਿਸਦੇ ਤਹਿਤ ਇਨ੍ਹਾਂ ਸਕੂਲਾਂ ਨੂੰ ਹਰ ਸਾਲ $0.15 ਮਿਲਿਅਨ ਜਾਂ $0.3 ਮਿਲੀਅਨ ਤੱਕ ਦਾ ਇੱਕ ਵਧੇਰਾ ਫੰਡ ਉਪਲਬਧ ਕਾਰਵਾਈਆ ਜਾਉਂਦਾ ਹੈ । ਜੋ NCS ਵਿਧਿਆਰਥਿਆਂ ਦੇ ਦਾਖਿਲੇ ਦੀ ਗਿਣਤੀ ਤੇ ਨਿਰਭਰ ਕਰਦਾ ਹੈ। ਵੰਡ ਦੇ ਸੰਚਾਲਨ ਦੀ ਯੋਜਨਾ ਬਨਾਉਣ ਵਿੱਚ, ਸਕੂਲਾਂ ਨੂੰ ਆਪਣੇ ਚੀਨੀ ਭਾਸ਼ਾ ਦੇ ਭਰੇ ਹੋਣੇ ਮਾਹੌਲ ਦੇ ਉਪਯੋਗ ਨੂੰ ਸੌਖਾ ਕਰਨ ਲਈ ਅਤੇ ਸੰਪੂਰਨ ਯੋਜਨਾਵਾਂ ਤੇ ਕੰਮ ਕਰਨ ਲਈ ਪ੍ਰੋਤਸਾਹਿਤ ਕਿੱਤਾ ਜਾਉਂਦਾ ਹੈ ਜੋ ਸਕੂਲ ਅਧਾਰਿਤ ਹਾਲਤਾਂ ਦੀ ਰੋਸ਼ਨੀ ਵਿੱਚ ਮੌਜੂਦਾ ਉਪਾਆਂ ਅਤੇ ਸਰੋਤਾਂ ਨਾਲ ਕੰਮ ਕਰਦੇ ਹਨ । NCS ਵਿਦਿਆਰਥੀਆਂ ਨੂੰ ਦਾਖਿਲ ਕਰਨ ਵਾਲੇ ਸਾਰੇ ਸਕੂਲਾਂ ਨੂੰ ਪ੍ਰਦਾਨ ਕੀਤੇ ਵਧੇਰੇ ਫੰਡਾਂ ਦੀ ਰਕਮ ਵੀ ਮਿਸ਼ਰਿਤ ਖਪਤਕਾਰ ਮੁੱਲ ਸੂਚਕਾਂਕ ਅਨੁਸਾਰ ਸਾਲ-ਦਰ-ਸਾਲ ਦੇ ਸੰਚਲਨ ਦੇ ਸਕੂਲ ਸਾਲ /ਜਾਂ ਸਿਵਲ ਸਰਵਿਸ ਅਦਾਇਗੀ ਸਮਾਯੋਜਨ ਦੀ ਸਾਲਾਨਾ ਦਰ ਦੇ ਅਧਾਰ 'ਤੇ ਅਨੁਕੂਲਿਤ ਕੀਤੀ ਜਾਵੇਗੀ।

*ਅਧਿਆਪਕਾਂ ਦਾ ਪੇਸ਼ੇਵਰ ਵਿਕਾਸ਼*

- NCS ਵਿਦਿਆਰਥੀਆਂ ਨੂੰ ਪੜ੍ਹਾਣ ਵਾਲੇ ਸਾਰੇ ਅਧਿਆਪਕਾਂ ਨੂੰ ਸਿਖਲਾਈ ਦੇ ਮੌਕੇ ਪ੍ਰਦਾਨ ਕੀਤੇ ਜਾਂਦੇ ਹਨ। ਅਧਿਆਪਕਾਂ ਦੀ NCS ਵਿਦਿਆਰਥੀਆਂ ਨੂੰ ਪੜ੍ਹਾਉਣ ਦੀ ਪੇਸ਼ੇਵਰ ਯੋਗਤਾ ਨੂੰ ਵਧਾਉਣ ਲਈ, EDB ਨਿਰੰਤਰ ਵਿਭਿੰਨ ਅਤੇ ਯੋਜਨਾਬੱਧ ਪੇਸ਼ੇਵਰ ਵਿਕਾਸ ਪ੍ਰੋਗਰਾਮ ਆਯੋਜਿਤ ਕਰ ਰਿਹਾ ਹੈ, ਅਧਿਆਪਕਾਂ ਦੀ ਸਿੱਖਣ ਦੇ ਫਰੇਮਵਰਕ ਦੀ ਸਮਝ ਨੂੰ ਡੂੰਘਾ ਅਤੇ ਪ੍ਰਭਾਵਸ਼ਾਲੀ ਪੜ੍ਹਾਉਣ ਦੇ ਢੰਗਾਂ ਦੀ ਸਿਖਲਾਈ ਦੇਣ ਲਈ ਸਫਲ ਤਜ਼ਰਬਿਆਂ ਨੂੰ ਸਾਂਝਾ ਕਰਨ ਦਾ ਪ੍ਰਬੰਧ ਕਰ ਰਿਹਾ ਹੈ ਜਿਸ ਵਿੱਚ ਪਾਠਕ੍ਰਮ ਦੀ ਯੋਜਨਾ, ਸਿੱਖਣ ਅਤੇ ਸਿਖਾਉਣ ਦੀਆਂ ਰਣਨੀਤੀਆਂ, ਅਤੇ ਮੁਲਾਂਕਣ ਦੇ ਨਾਲ-ਨਾਲ ਸਕੂਲ ਆਧਾਰਿਤ ਅਧਿਆਪਨ ਸਮੱਗਰੀ ਅਤੇ ਮਿਸਾਲਾਂ ਆਦਿ ਦਾ ਵਿਕਾਸ ਕਰਨਾ, ਜਿਹੇ ਵਿਸ਼ਿਆਂ ਨੂੰ ਸ਼ਾਮਿਲ ਕੀਤਾ ਗਿਆ ਹੈ।

- ਇਸ ਤੋਂ ਇਲਾਵਾ, ਚੀਨੀ ਭਾਸ਼ਾ ਨੂੰ ਦੂਜੀ ਭਾਸ਼ਾ ਦੇ ਤੌਰ ਤੇ ਪੜ੍ਹਾਉਣ ਦੀ ਅਧਿਆਪਕਾਂ ਦੀ ਪੇਸ਼ੇਵਰ ਸਮਰੱਥਾ ਨੂੰ ਵਧਾਉਣ ਲਈ ਭਾਸ਼ਾ ਫੰਡ ਅਧੀਨ 2014 ਤੋਂ "ਚੀਨੀ ਭਾਸ਼ਾ ਦੇ ਅਧਿਆਪਕਾਂ ਲਈ ਪੇਸ਼ੇਵਰ ਵਾਧਾ ਗ੍ਰਾਂਟ ਸਕੀਮ (ਚੀਨੀ ਨੂੰ ਦੂਜੀ ਭਾਸ਼ਾ ਵਜੋਂ ਪੜ੍ਹਾਉਣਾ)" ਸ਼ੁਰੂ ਕੀਤੀ ਗਈ ਹੈ। ਯੋਗ ਅਧਿਆਪਕਾਂ ਨੂੰ ਗ੍ਰਾਂਟ ਦੀ ਅਰਜ਼ੀ ਦੇਣ ਲਈ ਉਤਸ਼ਾਹਿਤ ਕਰਨ ਲਈ, 2019/20 ਸਕੂਲੀ ਸਾਲ ਤੋਂ ਸ਼ੁਰੂ, ਟਿਊਸ਼ਨ ਫੀਸ ਦੀ ਪ੍ਰਤੀਪੂਰਤੀ ਗ੍ਰਾਂਟ ਦਰ ਨੂੰ 30% ਤੋਂ ਵਧਾ ਕੇ 50% ਕੀਤਾ ਗਿਆ ਹੈ ਅਤੇ ਵੱਧ ਤੋਂ ਵੱਧ ਗ੍ਰਾਂਟ ਦਰ ਨੂੰ $34,000 ਤੋਂ ਵਧਾ ਕੇ $64,000 ਪ੍ਰਤੀ ਅਧਿਆਪਕ ਕੀਤਾ ਗਿਆ ਹੈ।

- EDB ਦੁਆਰਾ ਫੰਡ ਕੀਤਾ ਹੋਇਆ ਅਤੇ ਹਾਂਗਕਾਂਗ ਦੀ ਸਿੱਖਿਆ ਯੂਨੀਵਰਸਿਟੀ ਦੁਆਰਾ ਕਰਵਾਏ ਜਾਣ ਵਾਲਾ, 5-ਹਫ਼ਤੇ ਦਾ ਪ੍ਰੋਗਰਾਮ "NCS ਵਿਦਿਆਰਥੀਆਂ ਲਈ ਚੀਨੀ ਭਾਸ਼ਾ ਦੀ ਸਿਖਲਾਈ ਤੇ ਪੇਸ਼ੇਵਰ ਵਿਕਾਸ ਪ੍ਰੋਗਰਾਮ ਵਿੱਚ ਪ੍ਰਮਾਣ ਪੱਤਰ", ਪ੍ਰਾਇਮਰੀ ਅਤੇ ਸੈਕੰਡਰੀ ਸਕੂਲਾਂ ਵਿੱਚ NCS ਵਿਦਿਆਰਥੀਆਂ ਨੂੰ ਚੀਨੀ ਭਾਸ਼ਾ ਪੜ੍ਹਾਉਣ ਵਾਲੇ ਅਧਿਆਪਕਾਂ ਲਈ ਜਾਰੀ ਰਹੇਗਾ।

- ਸਕੂਲਾਂ ਵਿੱਚ ਪੇਸ਼ੇਵਰ ਵਟਾਂਦਰੇ ਦੀ ਸੁਵਿਧਾ ਪ੍ਰਦਾਨ ਕਰਨ ਲਈ, NCS ਵਿਦਿਆਰਥੀਆਂ ਦੇ ਚੀਨੀ ਸਿਖਣ ਅਤੇ ਸੰਸਕ੍ਰਿਤੀ ਦੇ ਏਕੀਕਰਨ ਨੂੰ ਵਧਾਉਣ ਲਈ ਉਨ੍ਹਾਂ ਦੇ ਚੰਗੇ ਅਭਿਆਸ ਅਤੇ ਸਕੂਲ ਆਧਾਰਤ ਤਜਰਬੇ ਨੂੰ ਸਾਂਝਾ ਕਰਨ ਲਈ ਸਕੂਲਾਂ ਨੂੰ ਸੱਦਾ ਦਿੱਤਾ ਜਾਉਂਦਾ ਹੈ। ਇਸ ਤੋਂ ਅਲਾਵਾ, ਬਰਾਬਰੀ ਮੌਕਾ ਆਯੋਗ ਦੇ ਸਹਿਜੋਗ ਨਾਲ ਇਹ ਸਮਝਾਉਣ ਲਈ ਕਿ ਹਾਂਗਕਾਂਗ ਵਿੱਚ ਕਾਨੂਨ ਦਾ ਨਸਲ ਭੇਦਭਾਵ ਅਧਿਨਿਯਮ, ਨਿਯਮ 602 ਨੀਤੀਆਂ ਨੂੰ ਤਿਆਰ ਕਰਨ ਵਿੱਚ ਸਕੂਲਾਂ ਲਈ ਕਿਵੇਂ ਪ੍ਰਭਾਵੀ ਹੈ ਅਤੇ ਸਭਿਆਚਾਰ ਸ਼ਮੂਲੀਅਤ ਨੂੰ ਪ੍ਰਤੋਸਾਹਨ ਦੇਣ ਦੇ ਲਈ ਸਕੂਲਾਂ ਨੂੰ ਉਤਸਾਹਿਤ ਕਰਨ ਲਈ, ਸਕੂਲਾਂ ਲਈ ਸਾਲਾਨਾ ਸਾਂਝਾ ਸੈਸ਼ਨ ਆਯੋਜਿਤ ਕੀਤੇ ਜਾਂਦੇ ਹਨ।

*ਸਕੂਲ-ਆਧਾਰਿਤ ਸਹਾਇਤਾ ਸੇਵਾਵਾਂ*

- EDB ਵਿਭਿੰਨ ਸਕੂਲ-ਅਧਾਰਿਤ ਸਹਾਇਤਾ ਸੇਵਾਵਾਂ ਪ੍ਰਦਾਨ ਕਰਦਾ ਹੈ ਜਿਸ ਵਿੱਚ ਸਕੂਲਾਂ ਨੂੰ ਉਹਨਾਂ ਦੇ ਸਕੂਲ ਅਧਾਰਿਤ ਪਾਠਕ੍ਰਮ ਨੂੰ ਅਨੁਕੂਲ ਬਣਾਉਣ ਅਤੇ ਸਿੱਖਣ ਦੇ ਫਰੇਮਵਰਕ ਦਾ ਹਵਾਲਾ ਦੇ ਕੇ ਉਚਿਤ ਸਿੱਖਣ ਅਤੇ ਸਿਖਲਾਈ ਸਮੱਗਰੀ ਵਿਕਸਿਤ ਕਰਨ ਵਿੱਚ ਸਹਾਇਤਾ ਕਰਨਾ ਸ਼ਾਮਿਲ ਹੈ। ਪੇਸ਼ਾਵਰ ਸਿੱਖਣ ਵਾਲੇ ਕਮਿਊਨਿਟੀ ਬਣਾਉਣ ਅਤੇ ਸਕੂਲਾਂ ਵਿੱਚ ਤਜਰਬੇ ਸਾਂਝੇ ਕਰਨ ਦੀ ਸਹੂਲਤ ਦੁਆਰਾ, ਅਧਿਆਪਕਾਂ ਦੀ ਪੇਸ਼ੇਵਰ ਸਮਰੱਥਾ ਨੂੰ NCS ਵਿਦਿਆਰਥੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚੀਨੀ ਸਿੱਖਣ ਵਿੱਚ ਸਹਾਇਤਾ ਲਈ ਵਧਾਈਆ ਗਿਆ ਹੈ। ਹਰ ਸਾਲ, ਸਕੂਲ ਉਹਨਾਂ ਦੀਆਂ ਵਿਕਾਸ ਜ਼ਰੂਰਤਾਂ ਦੇ ਅਨੁਸਾਰ ਸੰਬੰਧਿਤ ਸਹਾਇਤਾ ਸੇਵਾਵਾਂ ਲਈ ਅਰਜ਼ੀ ਦੇ ਸਕਦੇ ਹਨ।

- 2019/20 ਤੋਂ 2021/22 ਤੱਕ ਦੇ ਤਿੰਨ ਸਕੂਲੀ ਸਾਲਾਂ ਵਿੱਚ, EDB NCS ਵਿਦਿਆਰਥੀਆਂ ਨੂੰ ਦਾਖਿਲਾ ਦੇਣ ਵਾਲੇ ਪ੍ਰਾਇਮਰੀ ਅਤੇ ਸੈਕੰਡਰੀ ਸਕੂਲਾਂ ਲਈ ਸਕੂਲ ਅਧਾਰਿਤ ਸਹਾਇਤਾ ਸੇਵਾਵਾਂ ਪ੍ਰਦਾਨ ਕਰਨ ਲਈ, ਸੈਕੰਡਰੀ ਤੋਂ

ਬਾਅਦ ਦੀਆਂ ਸੰਸਥਾਵਾਂ ਨਾਲ ਕਮਿਸ਼ਨ ਕਰਨਾ ਜਾਰੀ ਰੱਖੇਗਾ। ਪ੍ਰਾਇਮਰੀ ਸਕੂਲਾਂ ਲਈ ਅਤੇ ਕਿੰਡਰਗਾਰਟਨ ਤੋਂ ਪ੍ਰਾਇਮਰੀ ਸਿੱਖਿਆ ਵੱਲ ਤਬਦੀਲੀ ਦੀਆਂ ਦੋ ਸੇਵਾਵਾਂ ਅਕਤੂਬਰ 2019 ਵਿੱਚ ਸ਼ੁਰੂ ਹੋਈਆਂ, ਜੋ 2019/20 ਸਕੂਲੀ ਸਾਲ ਵਿੱਚ 28 ਪ੍ਰਾਇਮਰੀ ਸਕੂਲਾਂ ਨੂੰ ਸਕੂਲ ਅਧਾਰਿਤ ਸਹਾਇਤਾ ਪ੍ਰਦਾਨ ਕਰ ਰਹੀਆਂ ਹਨ। ਪ੍ਰਾਇਮਰੀ ਤੋਂ ਸੈਕੰਡਰੀ ਸਿੱਖਿਆ ਵਿੱਚ ਤਬਦੀਲੀ ਲਈ 8 ਪ੍ਰਾਇਮਰੀ ਅਤੇ 16 ਸੈਕੰਡਰੀ ਸਕੂਲਾਂ ਨੂੰ ਸਕੂਲ ਆਧਾਰਿਤ ਸਹਾਇਤਾ ਪ੍ਰਦਾਨ ਕਰਦੇ ਹੋਏ ਇੱਕ ਹੋਰ ਸੇਵਾ 2020/21 ਸਕੂਲੀ ਸਾਲ ਵਿੱਚ ਸ਼ੁਰੂ ਕੀਤੀ ਗਈ ਹੈ। 2020/21 ਸਕੂਲੀ ਸਾਲ ਵਿੱਚ, ਉਪਰੋਕਤ ਤਿੰਨ ਸਕੂਲ ਆਧਾਰਤ ਸਹਾਇਤਾ ਸੇਵਾਵਾਂ ਕੁੱਲ 36 ਪ੍ਰਾਇਮਰੀ ਅਤੇ 16 ਸੈਕੇਂਡਰੀ ਸਕੂਲਾਂ ਨੂੰ ਦਿਤੀਆਂ ਜਾਂਦੀਆਂ ਹਨ।

ਭਵਿੱਖ ਦੇ ਕੰਮ ਦਾ ਮੁਲਾਂਕਣ

- EDB ਲਗਾਤਾਰ ਅਧਾਰ 'ਤੇ ਸੰਬੰਧਤ ਸਹਾਇਤਾ ਉਪਾਆਂ ਦੀ ਪ੍ਰਭਾਵਸ਼ੀਲਤਾ ਦੀ ਸਮੀਖਿਆ ਅਤੇ ਮੁਲਾਂਕਣ ਕਰਦਾ ਹੈ, ਅਤੇ ਉਪਾਆਂ ਵਿੱਚ ਲੋੜ ਅਨੁਸਾਰ ਸੋਧ ਕਰਦਾ ਹੈ। ਅਸੀਂ ਸਕੂਲ ਦੁਆਰਾ ਅਪਣਾਏ ਗਏ ਸਿਖਲਾਈ ਦੇ ਉਦੇਸ਼ਾਂ, ਪਾਠਕ੍ਰਮ ਦੀ ਯੋਜਨਾ, ਨਿਰਦੇਸ਼ਾਂ ਦੀ ਸਮੱਗਰੀ ਅਤੇ ਪੜ੍ਹਾਉਣ ਦੀਆਂ ਕਾਰਜਨੀਤੀਆਂ, ਭਾਸ਼ਾ ਦੀ ਨਿਪੁੰਨਤਾ ਅਤੇ NCS ਵਿਦਿਆਰਥੀਆਂ ਦੀ ਸਿੱਖਣ ਦੀ ਪ੍ਰੇਰਣਾ ਅਤੇ ਪ੍ਰਭਾਵਸ਼ਾਲੀ ਰੂਪ ਵਿੱਚ ਸਿੱਖਣ ਲਈ ਯੋਗਦਾਨ ਪਾਉਣ ਵਾਲੇ ਹੋਰ ਕਾਰਕਾਂ ਨੂੰ ਵੇਖਾਂਗੇ।

ਕੀਤੇ ਗਏ/ਕੀਤੇ ਜਾਣ ਵਾਲੇ ਵਾਧ ਉਪਾਅ

- EDB ਹਿੱਸੇਦਾਰਾਂ ਤੋਂ ਵਿਚਾਰ ਇਕੱਤਰ ਕਰਨਾ ਜਾਰੀ ਰੱਖੇਗਾ ਅਤੇ ਸਮੱਰਥਨ ਉਪਾਆਂ ਦੀ ਸੋਧ 'ਤੇ ਲੋੜ ਅਨੁਸਾਰ ਵਿਚਾਰ ਕਰੇਗਾ।

## ਕਈ ਮਾਰਗਾਂ ਨੂੰ ਇੱਕਠਾ ਕਰਨਾ

ਸੰਬੰਧਿਤ ਸੇਵਾਵਾਂ

- NCS ਵਿਦਿਆਰਥੀ ਆਪਣੀਆਂ ਜ਼ਰੂਰਤਾਂ ਅਤੇ ਇੱਛਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਹਾਂਗਕਾਂਗ ਡਿਪਲੋਮਾ ਆਫ਼ ਸੈਕੰਡਰੀ ਸਿੱਖਿਆ ਪ੍ਰੀਖਿਆ (HKDSE) ਵਿੱਚ ਚੀਨੀ ਭਾਸ਼ਾ, ਜਾਂ ਅਪਲਾਈਡ ਚੀਨੀ ਸਿੱਖਣਾ (NCS ਵਿਦਿਆਰਥੀਆਂ ਲਈ) (ApL(C)), ਅਤੇ/ਜਾਂ ਅੱਗੇ ਦੀ ਪੜ੍ਹਾਈ ਅਤੇ ਕੈਰੀਅਰ ਦੇ ਕੰਮਾਂ ਲਈ ਤਿਆਰੀ ਕਰਨ ਲਈ ਸੀਨੀਅਰ ਸੈਕੰਡਰੀ ਪੱਧਰ 'ਤੇ ਅੰਤਰ-ਰਾਸ਼ਟਰੀ ਪੱਧਰ 'ਤੇ ਮਾਨਤਾ ਪ੍ਰਾਪਤ ਵਿਕਲਪਕ ਚੀਨੀ ਭਾਸ਼ਾ ਯੋਗਤਾਵਾਂ ਪ੍ਰਾਪਤ ਕਰ ਸਕਦੇ ਹਨ।

ਮੌਜੂਦਾ ਉਪਾਅ

*ApL(C)*

- ਸਕੂਲੀ ਸਾਲ 2014/15 ਤੋਂ ਸ਼ੁਰੂ ਹੋ ਕੇ, ਯੋਗਤਾਵਾਂ ਫਰੇਮਵਰਕ ਦੇ ਪੱਧਰ 1 ਤੋਂ 3 ApL(C) ਦੀ ਸ਼ੁਰੂਆਤ 'ਤੇ ਜ਼ੋਰ ਦਿੱਤਾ ਗਿਆ, ਉਨ੍ਹਾਂ ਨੂੰ ਅੱਗੇ ਦੀ ਪੜ੍ਹਾਈ ਅਤੇ ਕਰੀਅਰ ਦੇ ਕੰਮਾਂ ਲਈ ਤਿਆਰ ਕਰਨ ਲਈ ਇੱਕ ਵਿਕਲਪਕ ਚੀਨੀ ਭਾਸ਼ਾ ਦੀ ਯੋਗਤਾ ਪ੍ਰਾਪਤ ਕਰਨ ਲਈ ਸੀਨੀਅਰ ਸੈਕੰਡਰੀ ਪੱਧਰ 'ਤੇ NCS ਵਿਦਿਆਰਥੀਆਂ ਨੂੰ ਇੱਕ ਵਾਧੂ ਚੈਨਲ ਪ੍ਰਦਾਨ ਕਰਦਾ ਹੈ। ApL(C) ਦੇ ਨਤੀਜੇ HKDSE ਸਰਟੀਫਿਕੇਟ ਉੱਤੇ "ਪ੍ਰਾਪਤ ਹੋਏ" ਅਤੇ "ਅੰਤਰ ਨਾਲ ਪ੍ਰਾਪਤ ਕੀਤੇ" ਵਜੋਂ ਰਿਪੋਰਟ ਕੀਤੇ ਗਏ ਹਨ।

*ਵਿਕਲਪਿਕ ਚੀਨੀ ਭਾਸ਼ਾ ਯੋਗਤਾ*

- ਵਿਕਲਪਕ ਚੀਨੀ ਭਾਸ਼ਾ ਦੀਆਂ ਯੋਗਤਾਵਾਂ ਵਿੱਚ ਸੈਕੰਡਰੀ ਸਿੱਖਿਆ ਦੇ ਜਨਰਲ ਸਰਟੀਫਿਕੇਟ (GCSE), ਅੰਤਰ ਰਾਸ਼ਟਰੀ ਜਨਰਲ ਸਰਟੀਫਿਕੇਟ ਆਫ ਸੈਕੰਡਰੀ ਐਜੂਕੇਸ਼ਨ (IGCSE) ਅਤੇ ਜਨਰਲ ਸਰਟੀਫਿਕੇਟ ਆਫ਼ ਐਜੂਕੇਸ਼ਨ (GCE) ਐਡਵਾਂਸਡ ਸਹਾਇਕ (AS)-ਪੱਧਰ ਅਤੇ ਜੀਸੀਈ ਐਡਵਾਂਸਡ (A)-ਪੱਧਰ ਦੇ ਤਹਿਤ ਸ਼ਾਮਿਲ ਹਨ। ਇਸ ਸਮੇਂ ਇਮਤਿਹਾਨਾਂ ਵਿੱਚ ਦਾਖਲ ਹੋਣ ਵਾਲੇ ਯੋਗ NCS ਵਿਦਿਆਰਥੀਆਂ[2] ਨੂੰ HKDSE ਚੀਨੀ ਭਾਸ਼ਾ[3] ਦੇ ਬਰਾਬਰ ਸਿਰਫ "ਸਬਸਿਡੀ ਵਾਲੀ ਪ੍ਰੀਖਿਆ ਫੀਸ" ਅਦਾ ਕਰਨ ਦੀ ਲੋੜ ਹੈ।

---

2 ਖਾਸ ਤੌਰ 'ਤੇ, ਇਹ NCS ਵਿਦਿਆਰਥੀ ਉਹ ਹਨ ਜਿਨ੍ਹਾਂ ਜਾਂ ਤਾਂ ਚੀਨੀ ਭਾਸ਼ਾ ਸਿੱਖੀ ਹੈ -

(a) ਪ੍ਰਾਇਮਰੀ ਅਤੇ ਸੈਕੰਡਰੀ ਸਿੱਖਿਆ ਪ੍ਰਾਪਤ ਕਰਦੇ ਹੋਏ ਛੇ ਸਾਲਾਂ ਤੋਂ ਘੱਟ; ਜਾਂ

(b) ਸਕੂਲ ਵਿੱਚ ਛੇ ਸਾਲ ਜਾਂ ਇਸ ਤੋਂ ਵੱਧ, ਪਰੰਤੂ ਅਜਿਹਾ ਅਨੁਕੂਲਿਤ ਅਤੇ ਸਰਲ ਪਾਠਕ੍ਰਮ ਸਿਖਾਇਆ ਜਾਂਦਾ ਹੈ ਜੋ ਆਮ ਤੌਰ 'ਤੇ ਸਥਾਨਕ ਸਕੂਲਾਂ ਵਿੱਚ ਬਹੁਗਿਣਤੀ ਵਿਦਿਆਰਥੀਆਂ ਤੇ ਲਾਗੂ ਨਹੀਂ ਹੁੰਦਾ।

3 2019 ਤੋਂ 2021 ਤੱਕ HKDSE ਵਿੱਚ ਦਾਖਲ ਹੋਣ ਵਾਲੇ ਸਕੂਲ ਦੇ ਉਮੀਦਵਾਰਾਂ ਲਈ ਪਰੀਖਿਆ ਫੀਸ ਦਾ ਭੁਗਤਾਨ ਕਰਨ ਦੇ ਸਰਕਾਰ ਦੇ ਉਪਾਅ ਦੇ ਨਾਲ, 2018/19 ਤੋਂ 2020/21 ਸਕੂਲੀ ਸਾਲਾਂ ਤੱਕ ਉਪਰੋਕਤ ਦਸੇ ਗੈਰ-ਸਥਾਨਕ ਚੀਨੀ ਭਾਸ਼ਾ ਦੀ ਪਰੀਖਿਆ ਲਈ ਦਾਖਲ ਹੋਣ ਵਾਲੇ ਯੋਗ NCS ਵਿਦਿਆਰਥੀਆਂ ਦੀ “ਸਬਸਿਡੀ ਵਾਲੀ ਪਰੀਖਿਆ ਫੀਸ” ਨੂੰ ਉਸ ਅਨੁਸਾਰ ਮਾਫ਼ ਕੀਤਾ ਗਿਆ ਸੀ। 3

*ਹੋਰ*

- NCS ਸਕੂਲ ਛੱਡਣ ਵਾਲਿਆਂ ਦੀ ਰੁਜ਼ਗਾਰਯੋਗਤਾ ਨੂੰ ਵਧਾਉਣ ਲਈ, ਭਾਸ਼ਾ ਸਿੱਖਿਆ ਅਤੇ ਖੋਜ ਦੀ ਸਥਾਈ ਕਮੇਟੀ ਨੇ ਅਪ੍ਰੈਲ 2016 ਵਿੱਚ "ਸਕੂਲ ਛੱਡਣ ਵਾਲੇ NCS ਲਈ ਵੋਕੇਸ਼ਨਲ ਚੀਨੀ ਭਾਸ਼ਾ ਦੇ ਕੋਰਸ" ਯੋਗਤਾ ਫਰੇਮਵਰਕ ਦੇ ਪੱਧਰ 1 ਜਾਂ 2 'ਤੇ ਨਿਸ਼ਚਿਤ ਕੀਤੇ ਹਨ। ਸੰਬੰਧਿਤ ਲੋੜਾਂ ਪੂਰੀਆਂ ਕਰਨ ਵਾਲੇ ਵਿਦਿਆਰਥੀ ਟਿਊਸ਼ਨ ਫੀਸ 'ਤੇ 85% ਤੱਕ ਦੀ ਸਬਸਿਡੀ ਪ੍ਰਾਪਤ ਕਰ ਸਕਦੇ ਹਨ।

| | |
|---|---|
| ਭਵਿੱਖ ਦੇ ਕੰਮ ਦਾ ਮੁਲਾਂਕਣ | • ਯੂਨੀਵਰਸਿਟੀ ਗ੍ਰਾਂਟ ਕਮੇਟੀ (UGC) ਦੁਆਰਾ ਪ੍ਰਾਪਤ ਫੰਡ ਵਾਲੀਆਂ ਯੂਨੀਵਰਸਿਟੀਆਂ ਅਤੇ ਜ਼ਿਆਦਾਤਰ ਸੈਕੰਡਰੀ ਤੋਂ ਬਾਅਦ ਦੀਆਂ ਸੰਸਥਾਵਾਂ ਅਤੇ ਸਿਵਲ ਸੇਵਾ ਵਿੱਚ ਨਿਯੁਕਤੀਆਂ ਵਿੱਚ ਦਾਖਿਲੇ ਲਈ ਸਧਾਰਣ ਪ੍ਰਵੇਸ਼ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਵਿਕਲਪਕ ਚੀਨੀ ਭਾਸ਼ਾ ਦੀ ਯੋਗਤਾ ਅਤੇ ApL(C) ਮਾਨਤਾ ਪ੍ਰਾਪਤ ਹੈ। |
| ਕੀਤੇ ਗਏ/ਕੀਤੇ ਜਾਣ ਵਾਲੇ ਵਾਧੂ ਉਪਾਅ | • ਯੋਗ NCS ਵਿਦਿਆਰਥੀਆਂ ਲਈ, ਜੋ ਕਿ HKDSE ਚੀਨੀ ਭਾਸ਼ਾ ਲੈਂਦੇ ਹਨ ਪਰ ਪੱਧਰ 3 ਜਾਂ ਇਸ ਤੋਂ ਉੱਪਰ ਨਹੀਂ ਪਹੁੰਚਦੇ, UGC- ਦੁਆਰਾ ਫੰਡ ਪ੍ਰਾਪਤ ਯੂਨੀਵਰਸਿਟੀਆਂ ਚੀਨੀ ਭਾਸ਼ਾ ਦੀ ਜ਼ਰੂਰਤ 'ਤੇ ਆਪਣੇ ਵਿਵੇਕ ਦੀ ਵਰਤੋਂ ਕਰ ਸਕਦੀਆਂ ਹਨ ਅਤੇ ਮਾਮਲਾ-ਦਰ-ਮਾਮਲਾ ਦੇ ਅਧਾਰ 'ਤੇ ਦਾਖਲੇ ਲਈ ਉਨ੍ਹਾਂ ਦੀਆਂ ਅਰਜ਼ੀਆਂ 'ਤੇ ਵਿਚਾਰ ਕਰ ਸਕਦੀਆਂ ਹਨ। |

## ਹੋਰ ਸਹਾਇਤਾ ਉਪਾਅ

*ਚੀਨੀ ਭਾਸ਼ਾ ਸਿੱਖਣ ਲਈ ਸਹਾਇਤਾ ਕੇਂਦਰ*

| | |
|---|---|
| ਸੰਬੰਧਿਤ ਸੇਵਾਵਾਂ | • NCS ਵਿਦਿਆਰਥੀਆਂ, ਖਾਸ ਕਰਕੇ ਦੇਰ ਨਾਲ ਸ਼ੁਰੂ ਕਰਨ ਵਾਲੇ ਵਿਦਿਆਰਥੀਆਂ ਦੀ ਚੀਨੀ ਭਾਸ਼ਾ ਦੀ ਸਿਖਲਾਈ ਨੂੰ ਹੋਰ ਮਜ਼ਬੂਤ ਕਰਨ, ਅਤੇ ਅਧਿਆਪਕਾਂ ਨੂੰ ਪੇਸ਼ੇਵਰ ਸਹਾਇਤਾ ਪ੍ਰਦਾਨ ਕਰਨ ਦੇ ਉਦੇਸ਼ ਨਾਲ, 2007 ਦੇ ਮੱਧ ਤੋਂ NCS ਵਿਦਿਆਰਥੀਆਂ ਲਈ ਸਕੂਲ ਦੇ ਸਮੇਂ ਤੋਂ ਬਾਅਦ ਅਤੇ ਛੁੱਟੀਆਂ ਦੇ ਦੌਰਾਨ ਸਹਾਇਤਾ ਪ੍ਰੋਗਰਾਮ ਦੀ ਪੇਸ਼ਕਸ਼ ਕੀਤੀ ਗਈ। |
| ਮੌਜੂਦਾ ਉਪਾਅ | • ਚੀਨੀ ਭਾਸ਼ਾ ਸਿੱਖਣ ਲਈ ਸਹਾਇਤਾ ਕੇਂਦਰ (ਕੇਂਦਰ), ਇੱਕ ਤੀਸਰੀ ਸਿੱਖਿਆ ਸੰਸਥਾ ਨਾਲ ਕਮਿਸ਼ਨ ਕੀਤੇ ਗਏ ਹਨ, ਜੋ ਸਾਲ 2020/21 ਦੇ ਸਕੂਲੀ ਸਾਲ ਦੇ 20 ਸਥਾਨਾਂ 'ਤੇ ਸਹਾਇਤਾ ਸੰਬੰਧੀ ਪ੍ਰੋਗਰਾਮ ਪੇਸ਼ ਕਰ ਰਹੇ ਹਨ। ਕੇਂਦਰ ਸਿੱਖਣ ਦੇ ਅਤੇ ਸਿਖਲਾਈ ਦੇ ਸਰੋਤ ਵੀ ਪ੍ਰਦਾਨ ਕਰਦੇ ਹਨ ਅਤੇ ਚੀਨੀ ਭਾਸ਼ਾ ਦੇ ਅਧਿਆਪਕਾਂ ਲਈ ਤਜ਼ਰਬੇ ਸਾਂਝੇ ਕਰਨ ਦੇ ਨਾਲ-ਨਾਲ NCS ਵਿਦਿਆਰਥੀਆਂ ਦੇ ਮਾਪਿਆਂ ਲਈ NCS ਵਿਦਿਆਰਥੀਆਂ ਦੇ ਚੀਨੀ ਭਾਸ਼ਾ ਸਿੱਖਣ ਦੇ ਸਮੱਰਥਨ ਲਈ ਵਰਕਸ਼ਾਪਾਂ ਆਯੋਜਨ ਕਰਦੇ ਹਨ। ਦਾ |

| | |
|---|---|
| | • ਕੇਂਦਰਾਂ ਵਿੱਚ ਦਾਖ਼ਿਲ ਹੋਣ ਵਾਲੇ NCS ਵਿਦਿਆਰਥੀਆਂ ਦੀ ਗਿਣਤੀ ਸਾਲ 2020/21 ਦੇ ਸਕੂਲੀ ਸਾਲ ਵਿੱਚ ਤਕਰੀਬਨ 920 ਸੀ। |
| ਭਵਿੱਖ ਦੇ ਕੰਮ ਦਾ ਮੁਲਾਂਕਣ | • ਸਕੂਲ ਤੋਂ ਬਾਅਦ NCS ਵਿਦਿਆਰਥੀਆਂ ਲਈ ਪ੍ਰੋਗਰਾਮ ਅਤੇ ਅਧਿਆਪਕਾਂ ਅਤੇ ਮਾਪਿਆਂ ਲਈ ਵਰਕਸ਼ਾਪਾਂ ਨੂੰ ਬਦਲਵੇਂ ਹਾਲਾਤਾਂ ਦੇ ਮੱਦੇਨਜ਼ਰ ਸਮੀਖਿਆ ਅਧੀਨ ਰੱਖਿਆ ਜਾਏਗਾ ਅਤੇ ਨਾਲ ਹੀ NCS ਵਿਦਿਆਰਥੀਆਂ ਨੂੰ ਵਧੇਰੇ ਫੰਡ ਮੁਹੱਈਆ ਕਰਵਾਉਣ ਵਾਲੇ ਵਿਅਕਤੀਗਤ ਸਕੂਲਾਂ ਦੁਆਰਾ ਚੀਨੀ ਭਾਸ਼ਾ ਸਿੱਖਣ ਵਿੱਚ ਸਕੂਲ ਤੋਂ ਬਾਅਦ ਸਹਾਇਤਾ ਦੀ ਵਿਵਸਥਾ ਕੀਤੀ ਜਾਵੇਗੀ। |
| ਕੀਤੇ ਗਏ/ਕੀਤੇ ਜਾਣ ਵਾਲੇ ਵਾਧੂ ਉਪਾਅ | • EDB ਮੌਜੂਦਾ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਨਾ ਜਾਰੀ ਰੱਖੇਗਾ ਅਤੇ ਸੋਧ 'ਤੇ ਲੋੜ ਅਨੁਸਾਰ ਵਿਚਾਰ ਕਰੇਗਾ। |

*ਸਮਰ ਬਰਿਜਿੰਗ ਪ੍ਰੋਗਰਾਮ*

| | |
|---|---|
| ਸੰਬੰਧਿਤ ਸੇਵਾਵਾਂ | • NCS ਵਿਦਿਆਰਥੀਆਂ ਨੂੰ ਸਿਖਲਾਈ ਦੇ ਨਵੇਂ ਮਾਹੌਲ ਅਨੁਸਾਰ ਢਾਲਣ, ਅਤੇ ਮੌਜੂਦਾ ਕਲਾਸ ਦੀ ਸਥਿਤੀ ਵਿੱਚ ਨਿਰਦੇਸ਼ ਦੇ ਮਾਧਿਅਮ ਦੇ ਤੌਰ 'ਤੇ ਕੈਂਟੋਨੀਜ਼ ਦੀ ਵਰਤੋਂ ਦਾ ਸਾਹਮਣਾ ਕਰਨ, ਮੁੱਖ ਪੜਾਅ 1 'ਤੇ ਉਨ੍ਹਾਂ ਨੇ ਜੋ ਸਿੱਖਿਆ ਹੈ ਉਸਨੂੰ ਯਾਦ ਰੱਖਣ ਅਤੇ ਉਨ੍ਹਾਂ ਨੂੰ ਮੁੱਖ ਪੜਾਅ 2 ਵਿੱਚ ਤਬਦੀਲ ਹੋਣ ਲਈ ਤਿਆਰ ਕਰਨ ਵਿੱਚ ਸਹਾਇਤਾ ਕਰਨਾ। |
| ਮੌਜੂਦਾ ਉਪਾਅ | • 2007 ਦੀ ਗਰਮੀਆਂ ਤੋਂ ਸ਼ੁਰੂ, ਨਵੇਂ ਦਾਖਲ NCS ਪ੍ਰਾਇਮਰੀ 1 ਵਿਦਿਆਰਥੀਆਂ ਲਈ 4-ਹਫ਼ਤਿਆਂ ਦੇ ਸਮਰ ਬਰਿਜਿੰਗ ਪ੍ਰੋਗਰਾਮ ਨੂੰ NCS ਦੇ ਪ੍ਰਾਇਮਰੀ 2, 3 ਅਤੇ 4 ਲਈ ਅੱਗੇ ਵਧਾਇਆ ਗਿਆ ਹੈ।<br>• ਸਾਲ 2013 ਦੀਆਂ ਗਰਮੀਆਂ ਦੇ ਸ਼ੁਰੂ ਹੋਏ, ਪ੍ਰੋਗਰਾਮ ਦੌਰਾਨ NCS ਵਿਦਿਆਰਥੀਆਂ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਨਾਲ ਜਾਣ ਦੀ ਆਗਿਆ ਦੇ ਕੇ ਸਮਰ ਬਰਿਜਿੰਗ ਪ੍ਰੋਗਰਾਮ ਵਿੱਚ ਸੁਧਾਰ ਕੀਤਾ ਗਿਆ ਹੈ, ਤਾਂ ਉਹ ਚੀਨੀ ਦਾ ਸਮਰਥਨ ਅਤੇ ਇਸਦੀ ਵਰਤੋਂ ਕਰਨ ਅਤੇ ਇਸ ਤਰੀਕੇ ਨਾਲ ਆਪਣੇ ਬੱਚਿਆਂ ਦੀ ਸਹਾਇਤਾ ਕਰ ਸਕਨ।<br>• 2020/21 ਦੇ ਸਕੂਲੀ ਸਾਲ ਵਿੱਚ, ਲਗਭਗ 210 NCS ਵਿਦਿਆਰਥੀਆਂ ਅਤੇ NCS ਵਿਦਿਆਰਥੀਆਂ ਦੇ 30 ਮਾਪਿਆਂ ਨੇ ਪ੍ਰੋਗਰਾਮ ਵਿੱਚ ਹਿੱਸਾ ਲਿਆ। |
| ਭਵਿੱਖ ਦੇ ਕੰਮ ਦਾ ਮੁਲਾਂਕਣ | • ਸਮਰ ਬਰਿਜਿੰਗ ਪ੍ਰੋਗਰਾਮ ਦੀ ਸਮੀਖਿਆ ਸਾਲਾਨਾ ਅਧਾਰ ‘ਤੇ ਕੀਤੀ ਜਾਂਦੀ ਹੈ। |
| ਕੀਤੇ ਗਏ/ਕੀਤੇ ਜਾਣ ਵਾਲੇ ਵਾਧੂ ਉਪਾਅ | • EDB ਸਮਰ ਬ੍ਰਿਜਿੰਗ ਪ੍ਰੋਗਰਾਮ ਦਾ ਆਯੋਜਨ ਕਰਨਾ ਜਾਰੀ ਰੱਖੇਗਾ। |

*ਵਿਸ਼ੇਸ਼ ਵਿੱਦਿਅਕ ਜ਼ਰੂਰਤਾਂ ਵਾਲੇ NCS ਵਿਦਿਆਰਥੀਆਂ ਦੀ ਸਹਾਇਤਾ ਲਈ ਗ੍ਰਾਂਟ*

| | |
|---|---|
| ਸੰਬੰਧਿਤ ਸੇਵਾਵਾਂ | • 2019/20 ਸਕੂਲੀ ਸਾਲ ਤੋਂ ਸ਼ੁਰੂ, EDB ਪਬਲਿਕ ਸੈਕਟਰ ਦੇ ਸਧਾਰਨ ਪ੍ਰਾਇਮਰੀ ਅਤੇ ਸੈਕੰਡਰੀ ਸਕੂਲ ਅਤੇ DSS ਸਕੂਲ ਜੋ NCS ਵਿਦਿਆਰਥੀਆਂ ਨੂੰ SEN ਨਾਲ ਦਾਖਿਲ ਕਰਨ ਵਾਲਿਆਂ ਨੂੰ ਇੱਕ ਆਵਰਤੀ ਨਕਦ ਗ੍ਰਾਂਟ ਪ੍ਰਦਾਨ ਕਰਦਾ ਹੈ ਜਿਸਨੂੰ ਖਾਸ ਸਿਖਿਆ ਜਰੂਰਤਾਂ (SEN) ਨਾਲ ਸਹਾਇਤਾ ਪ੍ਰਾਪਤ NCS ਵਿਦਿਆਰਥੀਆਂ ਲਈ ਗ੍ਰਾਂਟ (ਗ੍ਰਾਂਟ) ਵਜੋਂ ਜਾਣਿਆ ਜਾਂਦਾ ਹੈ ਤਾਂ ਜੋ ਸਕੂਲਾਂ ਨੂੰ ਇਹਨਾਂ ਵਿਦਿਆਰਥੀਆਂ ਲਈ ਭਾਵਨਾਤਮਕ, ਸੰਚਾਰ ਅਤੇ ਸਮਾਜਿਕ ਸਹਾਇਤਾ ਨੂੰ ਮਜ਼ਬੂਤ ਕਰਨ ਵਿੱਚ ਸਹਾਇਤਾ ਕੀਤੀ ਜਾ ਸਕੇ, ਇਸ ਤਰ੍ਹਾਂ ਉਨ੍ਹਾਂ ਨੂੰ ਵੱਖ-ਵੱਖ ਸਿਖਲਾਈ ਪੜਾਆਂ ਦੇ ਅਨੁਕੂਲ ਬਣਾਉਣ ਅਤੇ ਸਕੂਲ ਦੀ ਜ਼ਿੰਦਗੀ ਵਿੱਚ ਏਕੀਕ੍ਰਿਤ ਕਰਨ ਵਿੱਚ ਸਹਾਇਤਾ ਕੀਤੀ ਜਾਏਗੀ। |
| ਮੌਜੂਦਾ ਉਪਾਅ | • ਹਰੇਕ ਸਕੂਲ ਵਿੱਚ ਦਾਖਲ SEN NCS ਵਿਦਿਆਰਥੀਆਂ ਦੀ ਗਿਣਤੀ ਦੇ ਅਨੁਸਾਰ ਗਰਾਂਟ ਨੂੰ ਤਿੰਨ-ਪੱਧਰੀ ਢਾਂਚੇ ਤਹਿਤ ਵੰਡਿਆ ਜਾਂਦਾ ਹੈ ਅਤੇ ਗ੍ਰਾਂਟ ਦੀਆਂ ਦਰਾਂ ਹਰ ਸਾਲ ਕੰਪੋਜੀਟ ਉਪਭੋਗਤਾ ਮੁੱਲ ਸੂਚਕਾਂਕ ਵਿੱਚ ਤਬਦੀਲੀ ਦੇ ਮੁਤਾਬਕ ਵਿਵਸਥਿਤ ਕੀਤੀਆਂ ਜਾਂਦੀਆਂ ਹਨ। ਸਾਲ 2020/21 ਦੇ ਸਕੂਲੀ ਸਾਲ ਵਿੱਚ, SEN ਨਾਲ 1 ਤੋਂ 9 NCS ਵਿਦਿਆਰਥੀਆਂ ਨੂੰ ਦਾਖਲ ਕਰਨ ਵਾਲੇ ਸਕੂਲ ਲਈ $100,700; 10 ਤੋਂ 25 ਵਿਦਿਆਰਥੀਆਂ ਲਈ $201,400; ਅਤੇ 26 ਜਾਂ ਵਧੇਰੇ ਵਿਦਿਆਰਥੀਆਂ ਲਈ $302,100 ਪ੍ਰਦਾਨ ਕੀਤੇ ਜਾਂਦੇ ਹਨ।<br><br>• ਸਕੂਲ ਗ੍ਰਾਂਟ ਅਤੇ ਹੋਰ ਵਧੇਰੇ ਸਰੋਤਾਂ, ਜਿਵੇਂ ਕਿ ਸਿੱਖਣ ਲਈ ਗ੍ਰਾਂਟ, ਗਤੀਵਿਧੀਆਂ ਅਤੇ ਪੜ੍ਹਾਉਣ ਦੀ ਸਮੱਗਰੀ ਨੂੰ ਡਿਜ਼ਾਈਨ ਕਰਨ ਵਿੱਚ ਸਹਾਇਤਾ ਕਰਨ ਲਈ ਅਧਿਆਪਨ ਦੀ ਸਹਾਇਤਾ ਕਰਨ ਲਈ ਸਹਾਇਕਾਂ ਦੀ ਸਰਵਜਨਕ ਅਤੇ ਲਚਕਦਾਰ ਤੈਨਾਤੀ , NCS ਵਿਦਿਆਰਥੀਆਂ ਲਈ ਸੰਚਾਰ ਅਤੇ ਸਹਿਜੋਗ ਵਧਾਉਣ ਲਈ ਅਨੁਵਾਦ ਦੀਆਂ ਸੇਵਾਵਾਂ ਦੀ ਖ਼ਰੀਦ, ਸੰਬੰਧਿਤ ਵਿਦਿਆਰਥੀਆਂ ਨੂੰ ਸਮਾਜਿਕ ਅਤੇ ਭਾਵਨਾਤ੍ਮਕ ਪ੍ਰਬੰਧਨ ਟ੍ਰੇਨਿੰਗ ਪ੍ਰਦਾਨ ਕਰਨਾ ਆਦਿ ਦਾ ਸੰਗ੍ਰਹ ਕਰ ਸਕਦਾ ਹੈ। |
| ਭਵਿੱਖ ਦੇ ਕੰਮ ਦਾ ਮੁਲਾਂਕਣ | • ਸਿੱਖਣ ਦੇ ਵੱਖ-ਵੱਖ ਪੜਾਆਂ ਦੇ ਨਾਲ ਸੰਬੰਧਿਤ ਵਿਦਿਆਰਥੀਆਂ ਨੂੰ ਅਨੁਕੂਲ ਬਣਾਉਣ ਅਤੇ ਸੁਚਾਰੂ ਪਰਿਵਰਤਨ ਕਰਨ ਵਿੱਚ ਸਹਾਇਤਾ ਲਈ, EDB ਦਾ ਪੇਸ਼ੇਵਰ ਸਟਾਫ ਵਾਧੂ ਸਰੋਤਾਂ ਦੀ ਵਰਤੋਂ ਦੀ ਸਮਝ ਬਾਰੇ ਉਚਿਤ ਸਹਾਇਤਾ ਪ੍ਰਦਾਨ ਕਰਨ ਅਤੇ ਸਕੂਲਾਂ ਨੂੰ ਸਰੋਤਾਂ ਦੀ ਅਸਰਦਾਰ ਵਰਤੋਂ 'ਤੇ ਸਲਾਹ ਦੇਣ ਲਈ ਸਕੂਲਾਂ ਦਾ ਬਾਕਾਇਦਾ ਦੌਰਾ ਕਰਦਾ ਹੈ। |
| ਕੀਤੇ ਗਏ/ਕੀਤੇ ਜਾਣ ਵਾਲੇ ਵਾਧੂ ਉਪਾਅ | • EDB ਸਕੂਲਾਂ ਵਿੱਚ ਪੇਸ਼ੇਵਰ ਵਟਾਂਦਰੇ ਅਤੇ ਸਾਂਝੇਦਾਰੀ ਨੂੰ ਉਤਸ਼ਾਹਿਤ ਕਰਨਾ ਜਾਰੀ ਰੱਖੇਗਾ, ਨਿਰੰਤਰ ਅਧਾਰ 'ਤੇ ਢੁਕਵੇਂ ਉਪਾਆਂ ਦੀ ਸਮੀਖਿਆ ਕਰੇਗਾ ਅਤੇ ਜਿਥੇ ਜ਼ਰੂਰੀ ਅਤੇ ਸੰਭਵ ਹੈ ਸੁਧਾਰ ਦੇ ਉਪਾਆਂ ਦੀ ਤਜਵੀਜ਼ ਕਰੇਗਾ। |

*ਸੈਕੰਡਰੀ ਪਧਰ ਤੇ NCS ਵਿਧਿਆਰਥਿਆਂ ਲਈ ਜੀਵਨ ਦੀ ਯੋਜਨਾਬੰਦ ਸਿਖਿਆ ਗਤਿਵਿਧਿਆਂ ਪ੍ਰਦਾਨ ਕਰਨਾ*

| | | |
|---|---|---|
| ਸੰਬੰਧਤ ਸੇਵਾਵਾਂ | • | ਸੈਕੇਂਡਰੀ ਪਧਰ ਤੇ NCS ਵਿਧਿਆਰਥਿਆਂ ਦੀ ਕੈਰੀਅਰ ਦੀ ਸਥਿਤੀ ਨੂੰ ਸਮਝਣ ਵਿੱਚ ਸਹਾਇਤਾ ਅਤੇ ਕੈਰਿਅਰ ਦੀ ਪੜਤਾਲ ਦੀਆਂ ਗਤਿਵਿਧਿਆਂ ਅਤੇ ਕੰਮ ਦੇ ਤਜਰਬੇ ਦੇ ਮੌਕਿਆਂ ਦੁਆਰਾ ਵੱਖੋ ਵੱਖਰੇ ਅਧਿਐਨ ਦੇ ਰਸਦੇ ਅਤੇ ਨੌਕਰੀਆਂ ਬਾਰੇ ਜਾਨਣਾ |
| ਮੌਜੂਦਾ ਉਪਾਅ | • | 2018/19 ਸਕੂਲ ਸਾਲ ਤੋਂ ਸ਼ੁਰੂ ਕਰਦੀਆਂ, EDB ਨੇ ਇੱਕ ਗੈਰ ਸਰਕਾਰੀ ਸੰਗਠਨ ਸੈਕੇਂਡਰੀ ਪਧਰ ਤੇ NCS ਵਿਦਿਆਰਥੀਆਂ ਲਈ ਕੈਰੀਅਰ ਦੀ ਪੜਤਾਲ ਦੀਆਂ ਗਤਿਵਿਧਿਆਂ ਦਾ ਪ੍ਰਬੰਧ ਕਰਨ ਲਈ ਸ਼ੁਰੂ ਕਿੱਤਾ ਹੈ, ਜਿਸ ਵਿੱਚ ਸੈਕੇਂਡਰੀ ਤੋਂ ਬਾਅਦ ਦੀਆਂ ਸੰਸਥਾਵਾਂ ਦਾ ਦੌਰਾ, ਕੰਮ ਕਰਨ ਵਾਲੀ ਥਾਂ ਦਾ ਦੌਰਾ, ਕਾਰਜ ਤਜਰਬੇ ਦੇ ਪ੍ਰੋਗ੍ਰਾਮ ਆਦਿ ਸ਼ਾਮਲ ਹਨ, ਤਾਂ ਜੋ ਉਨ੍ਹਾਂ ਨੂੰ ਅੱਗੇ ਦੇ ਅਧਿਐਨ ਅਤੇ ਕੈਰੀਅਰ ਬਾਰੇ ਜਾਨੂੰ ਚੋਂਣ ਕਰਨ ਲਈ, ਨਿੱਜੀ ਟੀਚੇ ਨਿਰਧਾਰਿਤ ਕਰਨ ਲਈ ਅਤੇ ਆਪਣੇ ਭਵਿਖ ਦੀ ਯੋਜਨਾ ਬਨਾਉਣ ਲਈ ਮਦਦ ਮਿਲ ਸਕੇ। ਪ੍ਰੋਗ੍ਰਾਮ ਵਿੱਚ ਹਿੱਸਾ ਲੈਣ ਵਾਲੇ ਸਕੂਲਾਂ ਨੇ NCS ਵਿਧਿਆਰਥਿਆਂ ਦੇ ਅਧਿਆਪਕਾਂ ਅਤੇ ਮਾਪਿਆਂ ਲਈ ਸਿਖਲਾਈ ਕੋਰਸ ਵੀ ਪ੍ਰਦਾਨ ਕੀਤੇ ਗਏ ਹਨ ਤਾਂ ਜੋ NCS ਵਿਧਿਆਰਥਿਆਂ ਨੂੰ ਜੀਵਨ ਯੋਜਨਾਬੰਦ ਸਿਖਲਾਈ ਵਿੱਚ ਸਹਾਇਤਾ ਕਰਨ ਦੀ ਉਨ੍ਹਾਂ ਦੀ ਯੋਗਤਾ ਵਿੱਚ ਵਾਧਾ ਕੀਤਾ ਜਾ ਸਕੇ। |
| ਭਵਿੱਖ ਦੇ ਕੰਮ ਦਾ ਮੁਲਾਂਕਣ | • | EDB ਪ੍ਰੋਗ੍ਰਾਮ ਦੀ ਪ੍ਰਭਾਵਸ਼ੀਲਤਾ ਅਤੇ ਪ੍ਰਗਤੀ ਦਾ ਮੁਲਾਂਕਣ ਅਤੇ ਨਿਗਰਾਨੀ ਕਰਨ ਲਈ ਵੱਖੋ ਵੱਖਰੇ ਤਰੀਕੇ ਅਪਨਾਉਂਦਾ ਹੈ, ਜਿਵੇਂ ਕਿ ਗਤਿਵਿਧਿਆਂ ਦੇ ਲਾਗੂ ਹੋਣ ਦਾ ਧਿਆਨ ਰੱਖਨ ਲਈ ਹਿੱਸਾ ਲੈਣ ਵਾਲੇ ਸਕੂਲਾਂ ਦਾ ਨਿਯਮਤ ਦੌਰਾ ਕਰਨਾ ਅਤੇ ਅਦਿਆਪਕਾਂ ਅਤੇ ਵਿਦਿਆਰਥੀਆਂ ਦੇ ਵਿਚਾਰਾਂ ਅਤੇ ਜਰੂਰਤਾਂ ਨੂੰ ਸੁਣਨਾ, ਅਤੇ ਨਾਲ ਹੀ ਸੇਵਾ ਪ੍ਰਦਾਤਾ ਨਾਲ ਮੁਲਾਕਾਤਾਂ ਦੀ ਸਮਿਖਿਯਾ ਕਰਨਾ ਅਤੇ ਸੇਵਾ ਪ੍ਰਦਾਤਾ ਦੁਆਰਾ ਰਿਪੋਰਟਾਂ ਪੇਸ਼ ਕਰਨ ਲਈ ਬੇਨਤੀ ਕਰਨਾ। |
| ਕੀਤੇ ਗਏ/ਕੀਤੇ ਜਾਣ ਵਾਲੇ ਵਾਧੂ ਉਪਾਅ | • | EDB ਸਮੀਖਿਆ ਨਤੀਜਿਆਂ ਦੇ ਸੰਦਰਭ ਨਾਲ ਪ੍ਰੋਗ੍ਰਾਮ ਨੂੰ ਸੁਧਾਰੇਗਾ। |

## ਜਲਦੀ ਅਨੁਕੂਲਤਾ ਦਾ ਪ੍ਰਚਾਰ

ਸੰਬੰਧਿਤ ਸੇਵਾਵਾਂ

- NCS ਬੱਚਿਆਂ ਦੇ ਮਾਪਿਆਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ ਉਹ NCS ਬੱਚਿਆਂ ਦੀ ਭਾਸ਼ਾ ਸਿੱਖਣ ਅਤੇ ਉਨ੍ਹਾਂ ਦੀ ਮੁੱਖ ਧਾਰਾ ਦੇ ਪ੍ਰਾਇਮਰੀ ਸਕੂਲਾਂ ਵਿੱਚ ਸੁਚਾਰੂ ਪਰਿਵਰਤਨ ਦੇ ਅਨੁਕੂਲ ਚੀਨੀ ਭਾਸ਼ਾ ਦੇ ਮਾਹੌਲ ਦੇ ਜਲਦੀ ਸਾਹਮਣੇ ਲਈ ਆਪਣੇ ਬੱਚਿਆਂ ਨੂੰ ਸਥਾਨਕ ਕਿੰਡਰਗਾਰਟਨ[4] ਵਿਖੇ ਭੇਜਣ।

ਮੌਜੂਦਾ ਉਪਾਅ

*ਕਿੰਡਰਗਾਰਟਨ*

- ਸਕੂਲ ਅਧਾਰਿਤ ਸਹਾਇਤਾ ਸੇਵਾਵਾਂ NCS ਬੱਚਿਆਂ ਨੂੰ ਚੀਨੀ ਸਿਖਾਉਣ ਲਈ ਅਧਿਆਪਕਾਂ ਦੀ ਪੇਸ਼ੇਵਰ ਸਮਰੱਥਾ ਵਧਾਉਣ ਅਤੇ ਕਿੰਡਰਗਾਰਟਨ ਤੋਂ ਪ੍ਰਾਇਮਰੀ ਸਿੱਖਿਆ ਵਿੱਚ ਉਹਨਾਂ ਦੇ ਸੁਚਾਰੂ ਪਰਿਵਰਤਨ ਦੀ ਸਹੂਲਤ ਲਈ ਕਿੰਡਰਗਾਰਟਨ ਨ ਸਹਾਇਤਾ ਦੇਣ ਲਈ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਕਿੰਡਰਗਾਰਟਨ ਵਿੱਚ NCS ਵਿਦਿਆਰਥੀਆਂ ਲਈ ਚੀਨੀ ਭਾਸ਼ਾ ਸਿੱਖਣ ਅਤੇ ਪੜ੍ਹਾਉਣ ਦੇ ਅਧਿਆਪਕ ਸਿਖਲਾਈ ਪ੍ਰੋਗਰਾਮਾਂ ਵਿੱਚ ਵੀ ਵਾਧਾ ਕੀਤਾ ਜਾਵੇਗਾ। ਅਧਿਆਪਕਾਂ ਦੀ ਪੇਸ਼ੇਵਰ ਸਮਰੱਥਾ ਵਧਾਉਣ ਲਈ ਛੋਟੇ ਬੱਚਿਆਂ ਦੇ ਵਿਕਾਸ ਬਾਰੇ ਸੈਮੀਨਾਰ/ਵਰਕਸ਼ਾਪਾਂ ਅਤੇ ਸਿੱਖਿਅਕ ਵਿਭਿੰਨਤਾ ਦਾ ਪ੍ਰਬੰਧ ਕੀਤਾ ਜਾਂਦਾ ਹੈ।

- EDB 2019/20 ਤੋਂ 2021/22 ਤੱਕ ਦੇ ਤਿੰਨ ਸਕੂਲੀ ਸਾਲਾਂ ਵਿੱਚ NCS ਵਿਦਿਆਰਥੀਆਂ ਨੂੰ ਦਾਖਲਾ ਦੇਣ ਵਾਲੇ ਕਿੰਡਰਗਾਰਟਨ ਲਈ ਸੈਕੰਡਰੀ ਤੋਂ ਬਾਅਦ ਦੀਆਂ ਸੰਸਥਾਵਾਂ ਨੂੰ ਵਧੀਆ ਸਕੂਲ ਅਧਾਰਿਤ ਸਹਾਇਤਾ ਸੇਵਾਵਾਂ ਪ੍ਰਦਾਨ ਕਰਨ ਲਈ ਸੰਚਾਲਿਤ ਕਰਨਾ ਜਾਰੀ ਰੱਖੇਗਾ। ਅਤੇ ਕਿੰਡਰਗਾਰਟਨ ਤੋਂ ਪ੍ਰਾਇਮਰੀ ਸਿੱਖਿਆ ਵੱਲ ਪਰਿਵਰਤਨ ਅਤੇ ਕਿੰਡਰਗਾਰਟਨ ਲਈ ਦੋ ਸੇਵਾਵਾਂ ਕ੍ਰਮਵਾਰ ਅਕਤੂਬਰ ਅਤੇ ਨਵੰਬਰ 2019 ਵਿੱਚ ਸ਼ੁਰੂ ਹੋਈ, ਜੋ 2019/20 ਅਤੇ 2020/21 ਦੇ ਹਰ ਇੱਕ ਸਕੂਲੀ ਸਾਲ ਵਿੱਚ 28 ਕਿੰਡਰਗਾਰਟਨ ਨੂੰ ਸਕੂਲ ਅਧਾਰਿਤ ਸਹਾਇਤਾ ਪ੍ਰਦਾਨ ਕਰਦਾ ਹੈ।

*ਹੋਰ*

- ਗੈਰ-ਸਰਕਾਰੀ ਸੰਗਠਨਾਂ ਦੇ ਸਹਿਯੋਗ ਨਾਲ, ਜ਼ਿਲ੍ਹਾ-ਅਧਾਰਿਤ ਪ੍ਰੋਗਰਾਮ ਜੁਲਾਈ 2012 ਤੋਂ NCS ਬੱਚਿਆਂ ਨੂੰ ਗਤੀਵਿਧੀਆਂ ਰਾਹੀਂ ਚੀਨੀ ਸਿੱਖਣ ਲਈ ਪ੍ਰੇਰਿਤ ਕਰਨ ਲਈ ਚਲਾਏ ਜਾ ਰਹੇ ਹਨ।

- ਕਿੰਡਰਗਾਰਟਨ ਦੇ ਦਾਖਲੇ ਦੇ ਸੰਬੰਧ ਵਿੱਚ, NCS ਬੱਚਿਆਂ ਦੇ ਮਾਪਿਆਂ ਲਈ ਅੰਗ੍ਰੇਜ਼ੀ ਵਿੱਚ ਸਮਰਪਿਤ ਬ੍ਰੀਫਿੰਗ ਸੈਸ਼ਨ (ਜ਼ਰੂਰਤ ਅਨੁਸਾਰ ਵੱਖ ਵੱਖ ਨਸਲਾਂ ਦੀਆਂ ਭਾਸ਼ਾਵਾਂ ਵਿੱਚ ਵਿਆਖਿਆ ਸੇਵਾਵਾਂ ਦੇ ਨਾਲ) ਆਯੋਜਿਤ ਕੀਤੇ ਜਾਂਦੇ ਹਨ। ਇਸ ਦੌਰਾਨ, ਅਸੀਂ ਗ੍ਰਹਿ ਮਾਮਲਿਆਂ ਦੇ ਵਿਭਾਗ ਦੁਆਰਾ ਫੰਡ ਕੀਤੇ ਜਾਤੀ ਦੀ ਘੱਟ ਗਿਣਤੀ ਲਈ ਸਹਾਇਤਾ ਸੇਵਾਵਾਂ ਕੇਂਦਰਾਂ ਦੇ ਸਹਿਯੋਗ ਨਾਲ ਬ੍ਰੀਫ਼ਿੰਗ ਸੈਸ਼ਨ ਵੀ ਆਯੋਜਿਤ ਕਰਦੇ ਹਾਂ, ਇਸ ਉਦੇਸ਼ ਨਾਲ ਕਿ NCS ਬੱਚਿਆਂ ਦੇ ਮਾਪਿਆਂ ਤੱਕ ਬਿਹਤਰ ਪਹੁੰਚ ਕਰਨ ਦੇ ਮੱਦੇਨਜ਼ਰ, ਕਿੰਡਰਗਾਰਟਨ ਵਿੱਚ ਦਾਖਲੇ ਦੀਆਂ ਪ੍ਰਕਿਰਿਆਵਾਂ ਦੀ ਉਨ੍ਹਾਂ ਦੀ ਸਮਝ ਵਿੱਚ ਵਾਧਾ ਹੋ ਸਕੇ, ਅਤੇ ਉਨ੍ਹਾਂ ਨੂੰ ਆਪਣੇ ਬੱਚਿਆਂ ਨੂੰ ਚੀਨੀ ਭਾਸ਼ਾ ਨਾਲ ਭਰਪੂਰ ਮਾਹੌਲ ਵਾਲੇ ਸਥਾਨਕ ਕਿੰਡਰਗਾਰਟਨ ਵਿੱਚ ਪੜ੍ਹਨ ਦਾ ਪ੍ਰਬੰਧ ਕਰਨ ਲਈ ਉਤਸ਼ਾਹਿਤ ਕੀਤਾ ਜਾ ਸਕੇ।

[4] ਕਿੰਡਰਗਾਰਟਨ, ਕਿੰਡਰਗਾਰਟਨ-ਕਮ-ਬਾਲ ਕੇਅਰ ਕੇਂਦਰ ਅਤੇ ਕਿੰਡਰਗਾਰਟਨ ਦੀਆਂ ਕਲਾਸਾਂ ਵਾਲੇ ਸਕੂਲਾਂ ਨੂੰ “ਕਿੰਡਰਗਾਰਟਨ” ਕਿਹਾ ਜਾਂਦਾ ਹੈ।

| | |
|---|---|
| ਭਵਿੱਖ ਦੇ ਕੰਮ ਦਾ ਮੁਲਾਂਕਣ | • ਖ਼ਾਸਕਰ NCS ਬੱਚਿਆਂ ਦੇ ਚੀਨੀ ਭਾਸ਼ਾ ਸਿੱਖਣ ਬਾਰੇ ਸਕੂਲਾਂ ਨਾਲ ਸਾਂਝਾ ਕਰਨ ਲਈ EDB ਪਾਠਕ੍ਰਮ ਦੇ ਵਿਕਾਸ ਦੇ ਦੌਰੇ ਕਰਵਾਉਂਣਾ ਜਾਰੀ ਰੱਖੇਗਾ ਅਤੇ ਜਾਣਕਾਰੀ ਇਕੱਠਾ ਕਰਨ ਲਈ ਗਰੁੱਪ ਇੰਟਰਵਿਊ ਅਤੇ ਸਿਖਲਾਈ ਦੇਣ ਵਾਲੀਆਂ ਵਿਭਿੰਨਤਾਵਾਂ ਦੇ ਚੰਗੇ ਅਭਿਆਸਾਂ 'ਤੇ ਧਿਆਨ ਕੇਂਦ੍ਰਿਤ ਕਰੇਗਾ। |
| ਕੀਤੇ ਗਏ/ਕੀਤੇ ਜਾਣ ਵਾਲੇ ਵਾਧੂ ਉਪਾਅ | • 2017/18 ਦੇ ਸਕੂਲੀ ਸਾਲ ਤੋਂ ਸ਼ੁਰੂ, ਕਿੰਡਰਗਾਰਟਨ ਸਿੱਖਿਆ ਨੀਤੀ ਦੇ ਲਾਗੂ ਹੋਣ ਨਾਲ, ਕਿੰਡਰਗਾਰਟਨ ਅਧਿਆਪਕ ਦੀ ਤਨਖਾਹ ਦੀ ਤੁਲਨਾ ਵਿੱਚ ਇੱਕ ਗ੍ਰਾਂਟ ਅੱਠ ਜਾਂ ਵੱਧ NCS ਵਿਦਿਆਰਥੀਆਂ ਨੂੰ ਦਾਖਲ ਕਰਨ ਵਾਲੇ ਕਿੰਡਰਗਾਰਟਨ ਨੂੰ ਪ੍ਰਦਾਨ ਕੀਤੀ ਗਈ ਸੀ। ਸਾਲ 2019/20 ਦੇ ਸਕੂਲੀ ਸਾਲ ਤੋਂ, ਕਿੰਡਰਗਾਰਟਨ ਨੂੰ ਦਾਖਿਲ ਹੋਏ NCS ਵਿਦਿਆਰਥੀਆਂ ਦੀ ਗਿਣਤੀ ਦੇ ਅਨੁਸਾਰ ਕਿੰਡਰਗਾਰਟਨ ਸਿੱਖਿਆ ਸਕੀਮ ਵਿੱਚ ਸ਼ਾਮਿਲ ਹੋਣ ਲਈ 5-ਪੱਧਰੀ ਗ੍ਰਾਂਟ ਪ੍ਰਦਾਨ ਕੀਤੀ ਜਾਂਦੀ ਹੈ। ਇੱਕ NCS ਵਿਦਿਆਰਥੀ ਨੂੰ ਦਾਖਿਲ ਕਰਨ ਵਾਲਾ ਇੱਕ ਕਿੰਡਰਗਾਰਟਨ ਗ੍ਰਾਂਟ ਪ੍ਰਾਪਤ ਕਰਦਾ ਹੈ ਅਤੇ ਉੱਚ ਪੱਧਰੀ ਗ੍ਰਾਂਟ ਦੀ ਦਰ ਪਿਛਲੇ ਪੱਧਰ ਨਾਲੋਂ ਦੁੱਗਣੀ ਹੁੰਦੀ ਹੈ। ਕਿੰਡਰਗਾਰਟਨ ਵਿੱਚ NCS ਬੱਚਿਆਂ ਦੀ ਸਹਾਇਤਾ ਲਈ ਅਧਿਆਪਕਾਂ ਦੇ ਪੇਸ਼ੇਵਰ ਵਿਕਾਸ ਨੂੰ ਵੀ ਮਜ਼ਬੂਤ ਕੀਤਾ ਜਾਂਦਾ ਹੈ। |

## NCS ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਲਈ ਜਾਣਕਾਰੀ

| | |
|---|---|
| ਸੁੱਬੰਧਿਤ ਸੇਵਾਵਾਂ | • ਸੇਵਾਵਾਂ ਦਾ ਉਦੇਸ਼ NCS ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਹਾਂਗਕਾਂਗ ਵਿੱਚ ਸਥਾਨਕ ਸਿੱਖਿਆ ਪ੍ਰਣਾਲੀ, ਪ੍ਰਮੁੱਖ ਸਿੱਖਿਆ ਨੀਤੀਆਂ ਅਤੇ ਸੰਬੰਧਿਤ ਸਿੱਖਿਆ ਸੇਵਾਵਾਂ ਨੂੰ ਸਮਝਣ ਵਿੱਚ ਮਦਦ ਕਰਨਾ ਹੈ, ਅਤੇ NCS ਵਿਦਿਆਰਥੀਆਂ ਦੇ ਮਾਪਿਆਂ ਨੂੰ ਸੂਚਿਤ ਸਕੂਲ ਪਸੰਦ ਦੀ ਚੋਣ ਵਿੱਚ ਸਹਾਇਤਾ ਕਰਨਾ ਹੈ। |
| ਮੌਜੂਦਾ ਉਪਾਅ | NCS *ਵਿਦਿਆਰਥੀਆਂ ਦੇ ਮਾਪਿਆਂ ਦੀਆਂ ਸਕੂਲ ਚੋਣਾਂ ਨੂੰ ਵਧਾਉਣਾ*<br><br>• EDB NCS ਵਿਦਿਆਰਥੀਆਂ ਦੇ ਮਾਪਿਆਂ ਨੂੰ ਸਰਗਰਮੀ ਨਾਲ ਉਤਸ਼ਾਹਿਤ ਕਰ ਰਹੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਅਜਿਹੇ ਸਕੂਲ ਵਿੱਚ ਪੜ੍ਹਾਉਣ ਦਾ ਪ੍ਰਬੰਧ ਕਰਨ ਜੋ ਚੀਨੀ ਭਾਸ਼ਾ ਦਾ ਭਰਪੂਰ ਮਾਹੌਲ ਪ੍ਰਦਾਨ ਕਰਨ । ਇਸ ਨਾਲ ਉਨ੍ਹਾਂ ਦੇ ਬੱਚਿਆਂ ਦੀ ਚੀਨੀ ਸਿੱਖਣ ਦੇ ਨਾਲ-ਨਾਲ ਕਮਿਊਨਿਟੀ ਵਿੱਚ ਏਕੀਕ੍ਰਿਤ ਹੋਣ ਦੀ ਸੰਭਾਵਨਾ ਹੈ। EDB ਨੇ ਗ਼ੈਰ-ਨਾਮਜ਼ਦ "ਨਿਰਧਾਰਿਤ ਸਕੂਲਾਂ" ਨੂੰ ਹਟਾਉਣ ਲਈ ਅਤੇ NCS ਵਿਦਿਆਰਥੀਆਂ ਦੀ ਚੀਨੀ ਦੀ ਸਿੱਖਣ ਦੇ ਸਮੱਰਥਨ ਪ੍ਰਤੀ ਜਾਗਰੂਕਤਾ ਪੈਦਾ ਕਰਨ ਦੇ ਮੱਦੇਨਜ਼ਰ 2013/14 ਸਕੂਲ ਸਾਲ ਤੋਂ ਨਾਮਜ਼ਦ "ਨਿਰਧਾਰਿਤ ਸਕੂਲ" ਪ੍ਰਣਾਲੀ[5] ਖਤਮ ਕਰ ਦਿੱਤੀ ਹੈ। ਬਿਹਤਰ ਹੋਏ ਸਮੱਰਥਨ ਉਪਾਆਂ ਦੇ ਲਾਗੂ ਹੋਣ ਨਾਲ, ਸਥਾਨਕ ਪਾਠਕ੍ਰਮ ਦੀ ਪੇਸ਼ਕਸ਼ ਕਰਨ ਵਾਲੇ ਅਤੇ NCS ਵਿਦਿਆਰਥੀਆਂ ਨੂੰ ਦਾਖਲ ਕਰਨ ਵਾਲੇ ਜਨਤਕ |

[5] 2006/07 ਤੋਂ 2012/13 ਦੇ ਸਕੂਲੀ ਸਾਲਾਂ ਤੱਕ, ਸਕੂਲ NCS ਵਿਦਿਆਰਥੀਆਂ ਦੇ ਇੱਕ ਵਿਆਪਕ ਸਮੂਹ ਨੂੰ ਪ੍ਰਵਾਨ ਕਰਦੇ ਹੋਏ, NCS ਵਿਦਿਆਰਥੀਆਂ ਦੀ ਦੇਖਭਾਲ ਕਰਨ ਦਾ ਤਜਰਬਾ ਰੱਖਦੇ ਸਨ, ਅਤੇ ਸਕੂਲ ਅਧਾਰਤ ਸਹਾਇਤਾ ਉਪਾਆਂ ਨੂੰ ਵਿਕਸਿਤ ਕਰਨ ਲਈ ਅਤੇ EDB ਨਾਲ ਸਾਂਝੇਦਾਰੀ ਕਰਨ ਲਈ ਤਿਆਰ ਸਨ ਅਤੇ ਦੂਜੇ ਸਕੂਲਾਂ ਨਾਲ ਤਜਰਬੇ ਸਾਂਝੇ ਕਰਦੇ ਸਨ, ਉਨ੍ਹਾਂ ਨੂੰ ਇੱਕ ਵਿਸ਼ੇਸ਼ ਗ੍ਰਾਂਟ ਪ੍ਰਦਾਨ ਕੀਤੀ ਗਈ। ਇਹ ਸਕੂਲ ਆਮ ਤੌਰ 'ਤੇ "ਨਿਰਧਾਰਿਤ ਸਕੂਲ" ਵਜੋਂ ਜਾਣੇ ਜਾਂਦੇ ਸੀ ।

ਖੇਤਰ ਅਤੇ DSS ਸਕੂਲਾਂ ਦੀ ਗਿਣਤੀ ਹੌਲੀ-ਹੌਲੀ ਸਾਲ 2013/14 ਦੇ ਸਕੂਲੀ ਸਾਲ ਵਿੱਚ 590 ਤੋਂ ਵੱਧ ਕੇ ਸਾਲ 2020/21 ਦੇ ਸਕੂਲੀ ਸਾਲ ਵਿੱਚ ਕਰੀਬ 650 ਹੋ ਗਈ ਹੈ, ਜਿਸ ਵਿੱਚ ਕੁੱਲ ਮਿਲਾ ਕੇ 70% ਸਕੂਲ ਸ਼ਾਮਿਲ ਹਨ। ਇਹ ਦਰਸਾਉਂਦਾ ਹੈ ਕਿ ਨਵੇਂ ਸਮੱਰਥਨ ਢੰਗਾਂ ਅਤੇ ਉਪਾਅਾਂ ਨੇ NCS ਵਿਦਿਆਰਥੀਆਂ ਦੇ ਮਾਪਿਆਂ ਦੀਆਂ ਸਕੂਲ ਚੋਣਾਂ ਨੂੰ ਵਧਾ ਦਿੱਤਾ ਹੈ।

*ਜਾਣਕਾਰੀ ਦਾ ਪ੍ਰਸਾਰ*

- ਚੀਨੀ ਨਾ ਬੋਲਣ ਵਾਲੇ ਮਾਪਿਆਂ ਦੀ ਜਾਣਕਾਰੀ ਲਈ ਪੈਕੇਜ: ਹਾਂਗਕਾਂਗ ਵਿੱਚ ਸਿੱਖਿਆ ਲਈ ਤੁਹਾਡੀ ਗਾਈਡ (ਜਾਣਕਾਰੀ ਪੈਕੇਜ) ਚੀਨੀ ਅਤੇ ਅੰਗਰੇਜ਼ੀ ਵਿੱਚ ਭਿੰਨ-ਭਿੰਨ ਨਸਲਾਂ ਦੀਆਂ ਭਾਸ਼ਾਵਾਂ ਵਿੱਚ ਅਨੁਵਾਦ ਨਾਲ ਪ੍ਰਕਾਸ਼ਿਤ ਹੋਈ ਜਿਸਨੂੰ NCS ਵਿਦਿਆਰਥੀਆਂ ਦੇ ਮਾਪਿਆਂ ਨੂੰ ਖੇਤਰੀ ਸਿੱਖਿਆ ਦਫਤਰਾਂ, ਸਕੂਲ ਸਥਾਨਾਂ ਦੀ ਵੰਡ ਦੇ ਭਾਗ, ਅਤੇ EDB ਦੇ ਪਲੇਸਮੈਂਟ ਅਤੇ ਸਹਾਇਤਾ ਭਾਗ, ਸਾਰੇ ਜ਼ਿਲ੍ਹਿਆਂ ਦੇ ਮਾਪਿਆਂ-ਅਧਿਆਪਕ ਐਸੋਸੀਏਸ਼ਨਾਂ ਦੀਆਂ ਫੈਡਰੇਸ਼ਨਾਂ, ਸਿਹਤ ਵਿਭਾਗ ਦੇ ਜਣੇਪਾ ਅਤੇ ਬਾਲ ਸਿਹਤ ਕੇਂਦਰ, ਨਸਲੀ ਘੱਟ ਗਿਣਤੀਆਂ ਲਈ ਜਾਂਚ ਕੇਂਦਰ ਅਤੇ ਸਹਾਇਤਾ ਸੇਵਾ ਕੇਂਦਰ ਗ੍ਰਹਿ ਮਾਮਲੇ ਵਿਭਾਗ, ਅਤੇ ਸੰਬੰਧਿਤ ਕੌਂਸਲੇਟ ਦੇ ਜਨਰਲ ਦੁਆਰਾ, NCS ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਲਈ ਸਹਾਇਤਾ ਨੂੰ ਮਜ਼ਬੂਤ ਕਰਨ ਲਈ ਪ੍ਰਦਾਨ ਕੀਤਾ ਗਿਆ।

- NCS ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਚੀਨੀ ਅਤੇ ਅੰਗ੍ਰੇਜ਼ੀ ਦੇ ਨਾਲ ਵਿਭਿੰਨ ਨਸਲਾਂ ਦੀਆਂ ਭਾਸ਼ਾਵਾਂ ਵਿੱਚ ਅਨੁਵਾਦ ਦੇ ਨਾਲ ਪ੍ਰਕਾਸ਼ਿਤ ਸਾਰੀ ਢੁਕਵੀਂ ਜਾਣਕਾਰੀ ਹੋਰਾਂ ਨਾਲ, ਪ੍ਰਾਇਮਰੀ 1 ਅਤੇ ਸੈਕੰਡਰੀ 1 ਵਿੱਚ ਦਾਖਲੇ ਲਈ ਪ੍ਰਬੰਧ, ਅਤੇ ਵਿਦਿਆਰਥੀ ਵਿੱਤੀ ਸਹਾਇਤਾ ਯੋਜਨਾਵਾਂ ਲਈ ਘਰੇਲੂ ਅਰਜ਼ੀ ਸਮੇਤ ਪ੍ਰਦਾਨ ਕੀਤੀ ਜਾਂਦੀ ਹੈ।

- NCS ਵਿਦਿਆਰਥੀਆਂ ਦੇ ਮਾਪਿਆਂ ਨੂੰ ਸਮੱਰਥਨ ਉਪਾਅਾਂ ਤੋਂ ਜਾਣੂ ਕਰਵਾਉਣ ਲਈ ਉਸੇ ਸਮੇਂ ਵਿਆਖਿਆ ਸੇਵਾਵਾਂ ਨਾਲ ਸਮਰਪਿਤ ਬ੍ਰੀਫਿੰਗ ਸੈਸ਼ਨ ਸਿੱਖਣ ਦੇ ਫਰੇਮਵਰਕ ਨੂੰ ਲਾਗੂ ਕਰਨ ਸਮੇਤ ਅਤੇ ਜਨਤਕ ਖੇਤਰ ਦੇ ਸਕੂਲਾਂ ਦੇ ਪ੍ਰਾਇਮਰੀ 1 ਅਤੇ ਸੈਕੰਡਰੀ 1 ਵਿੱਚ ਦਾਖਲੇ ਲਈ ਪ੍ਰਬੰਧ ਆਯੋਜਿਤ ਕੀਤੇ ਜਾਂਦੇ ਹਨ। ਬ੍ਰੀਫਿੰਗ ਸੈਸ਼ਨਾਂ ਦੀ ਸਮੱਗਰੀਆਂ ਨੂੰ EDB ਦੇ ਵੈਬਪੇਜ਼ 'ਤੇ ਅਪਲੋਡ ਕਰ ਦਿੱਤਾ ਗਿਆ ਹੈ।

- ਸਾਲ 2015/16 ਦੇ ਸਕੂਲੀ ਸਾਲ ਤੋਂ, K3 ਅਤੇ ਪ੍ਰਾਇਮਰੀ 6 ਪੱਧਰ 'ਤੇ ਪੜ੍ਹ ਰਹੇ NCS ਵਿਦਿਆਰਥੀਆਂ ਦੇ ਮਾਪਿਆਂ ਨੂੰ ਜਾਣਕਾਰੀ ਤੱਕ ਅਸਾਨ ਪਹੁੰਚ ਲਈ ਕਿੰਡਰਗਾਰਟਨ ਅਤੇ ਪ੍ਰਾਇਮਰੀ ਸਕੂਲ ਦੁਆਰਾ ਵੰਡਣ ਲਈ ਹੋਮ-ਸਕੂਲ ਸਹਿਜੋਗ ਸਮਿਤੀ (CHSC) ਨੇ ਸਕੂਲ ਪ੍ਰੋਫਾਈਲਾਂ ਦੇ ਛਪੇ ਹੋਏ ਅੰਗਰੇਜ਼ੀ ਸੰਸਕਰਣ ਨੂੰ ਪ੍ਰਕਾਸ਼ਿਤ ਕੀਤਾ।, 2018/19 ਦੇ ਸਕੂਲੀ ਸਾਲ ਤੋਂ, NCS ਵਿਦਿਆਰਥੀਆਂ ਨੂੰ ਆਪਣੇ ਸਹਾਇਤਾ ਬਾਰੇ ਜਾਣਕਾਰੀ ਪ੍ਰਦਾਨ ਕਰਨ ਲਈ ਸਕੂਲ ਦੀ ਪ੍ਰੋਫਾਈਲ ਵਿੱਚ "NCS ਵਿਦਿਆਰਥੀਆਂ ਲਈ ਸਿੱਖਿਆ ਸਹਾਇਤਾ" ਦਾ ਇੱਕ ਵੱਖਰਾ ਕਾਲਮ ਜੋੜਿਆ ਗਿਆ ਹੈ। ਜਨਤਕ ਖੇਤਰ ਦੇ ਪ੍ਰਾਇਮਰੀ ਅਤੇ ਸੈਕੇਂਡਰੀ ਸਕੂਲ ਅਤੇ DSS ਪ੍ਰਾਇਮਰੀ ਅਤੇ ਸੈਕੇਂਡਰੀ ਸਕੂਲ NCS ਵਿਦਿਆਰਥੀਆਂ ਨੂੰ ਦਾਖਲ ਕਰਦੇ ਹਨ ਅਤੇ ਵਧੇਰੇ ਫੰਡ ਪ੍ਰਦਾਨ ਕਰਦੇ ਹਨ, ਸਕੂਲਾਂ ਵਿੱਚ NCS ਵਿਦਿਆਰਥੀਆਂ ਦੀ ਚੀਨੀ ਸਿਖਲਾਈ ਨੂੰ ਵਧਾਉਣ ਅਤੇ ਸਕੂਲਾਂ ਵਿੱਚ ਸਿੱਖਨ ਦਾ ਭਰਪੂਰ ਵਾਤਾਵਰਣ ਬਨਾਉਣ ਲਈ ਵਧੇਰੇ ਸਹਾਇਤਾ ਉਪਾਅ ਨਿਰਧਾਰਿਤ ਕਰਨ ਦੀ ਜਰੂਰਤ ਹੁੰਦੀ ਹੈ। ਸਕੂਲ ਪ੍ਰੋਫ਼ਾਇਲ CHSC ਵੇਬਪੇਜ਼ ਤੇ ਚੀਨੀ ਅਤੇ ਅੰਗਰੇਜੀ ਸੰਸਕਰਣ ਵਿੱਚ ਅਪਲੋਡ ਕੀਤੀ ਜਾਂਦੀ ਹੈ। 2019/20 ਦੇ ਸਕੂਲੀ ਸਾਲ ਤੋਂ ਸ਼ੁਰੂ, EDB ਨੇ ਸੰਬੰਧਿਤ ਸਕੂਲ ਦੀ ਜਰੂਰਤ ਦੇ ਮੁਤਾਬਕ ਸੰਬੰਧਿਤ ਸਹਾਇਤਾ ਉਪਾਆਂ ਦੀ ਵਧੇਰੀ ਜਾਣਕਾਰੀ ਪ੍ਰਦਾਨ ਕਰਨ ਲਈ ਨਵੇਂ ਸ਼ਾਮਿਲ ਕੀਤੇ ਕਾਲਮ ਨੂੰ ਹੋਰ ਵਧਾ ਦਿੱਤਾ ਹੈ।

*ਸੰਚਾਰ ਨੂੰ ਸੁਵਿਧਾਜਨਕ ਬਣਾਉਣ ਲਈ ਹੋਰ ਉਪਾਅ*

- NCS ਵਿਦਿਆਰਥੀਆਂ ਦੇ ਮਾਪਿਆਂ ਨੂੰ ਸੰਬੰਧਤ ਸਿੱਖਿਆ ਸੇਵਾਵਾਂ ਬਾਰੇ ਸਮਝਾਉਣ ਲਈ ਇੱਕ ਸਮਰਪਿਤ ਵੈੱਬਪੇਜ (https: lwww.edb.gov.hk/ncs) ਸਥਾਪਿਤ ਕੀਤਾ ਗਿਆ ਹੈ।
- ਰੋਜ਼ਾਨਾ ਪੁੱਛਗਿੱਛ ਲਈ, ਪੁੱਛਗਿੱਛ ਕਰਨ ਵਾਲੇ ਨਾਲ ਟੈਲੀਫੋਨ ਕਾਨਫਰੰਸ ਦੇ ਉਦੇਸ਼ ਨਾਲ, ਜੁਲਾਈ 2010 ਤੋਂ ਹੌਟਲਾਈਨ ਸੇਵਾ ਅਤੇ ਉਸੇ ਸਮੇਂ ਵਿਆਖਿਆ ਸੇਵਾਵਾਂ ਨੂੰ ਬਰਕਰਾਰ ਰੱਖਣ, EDB ਅਤੇ ਜਾਤੀ ਦੀ ਘੱਟ ਗਿਣਤੀ ਦੇ ਵਸਨੀਕਾਂ ਲਈ ਸਦਭਾਵ ਅਤੇ ਵਿਕਾਸ ਕੇਂਦਰ, ਸਰਕਾਰ ਦੁਆਰਾ ਫੰਡ ਕੀਤੀ NCS ਆਬਾਦੀ ਲਈ ਸਹਾਇਤਾ ਸੇਵਾਵਾਂ ਕੇਂਦਰ, ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ।

*ਕਿੰਡਰਗਾਰਟਨ ਵਿੱਚ ਦਾਖਲਾ*

- ਜਦੋਂ ਕਿ ਕਿੰਡਰਗਾਰਟਨ ਵਿੱਚ ਵਿਦਿਆਰਥੀਆਂ ਦਾ ਦਾਖਲਾ ਸਕੂਲ-ਅਧਾਰਿਤ ਜਾਰੀ ਹੈ, ਕਿੰਡਰਗਾਰਟਨ ਨੂੰ ਯਾਦ ਦਿਵਾਇਆ ਗਿਆ ਹੈ ਕਿ ਬਿਨੈ-ਪੱਤਰ ਫਾਰਮ ਅਤੇ ਢੁਕਵੀਂ ਜਾਣਕਾਰੀ ਚੀਨੀ ਅਤੇ ਅੰਗਰੇਜ਼ੀ ਦੋਵਾਂ ਵਿੱਚ ਮੁਹੱਈਆ ਕਰਵਾਈ ਜਾਣੀ ਚਾਹੀਦੀ ਹੈ। ਇਸ ਸੰਬੰਧ ਵਿੱਚ, EDB ਨੇ ਕਿੰਡਰਗਾਰਟਨ ਨੂੰ ਸੰਦਰਭ ਲਈ ਸੰਬੰਧਿਤ ਦਸਤਾਵੇਜ਼ਾਂ ਦੇ ਦੁਭਾਸ਼ੀਏ ਟੈਂਪਲੇਟਸ ਪ੍ਰਦਾਨ ਕੀਤੇ ਹਨ।

- ਸਕੂਲ ਦੇ ਵੈਬਪੇਜਾਂ ਦੇ ਹੋਮਪੇਜ ਨੂੰ ਬ੍ਰਾਉਜ਼ ਕਰਦੇ ਸਮੇਂ ਮਾਪਿਆਂ ਨੂੰ ਤੁਰੰਤ ਜਾਣਕਾਰੀ ਦੇ ਅੰਗਰੇਜ਼ੀ ਸੰਸਕਰਣ ਨੂੰ ਪ੍ਰਾਪਤ ਕਰਨ ਵਿੱਚ ਸਹੂਲਤ ਲਈ , EDB ਨੇ ਸਕੂਲਾਂ ਨੂੰ ਯਾਦ ਦਿਵਾਉਣ ਲਈ ਸਰਕੂਲਰ ਮੈਮੋਰੰਡਮ ਜਾਰੀ ਕੀਤਾ ਹੈ ਕਿ ਉਹ ਸਕੂਲ ਦੇ ਵੈਬਪੇਜਾਂ ਦੇ ਹੋਮਪੇਜ਼ 'ਤੇ ਇੱਕ ਆਈਕਾਨ ਬਣਾਉਣ ਜਾਂ ਅੰਗਰੇਜ਼ੀ ਵਿੱਚ ਇੱਕ ਸਧਾਰਨ ਸੰਦੇਸ਼ ਦੇਣ। ਇਸ ਤੋਂ ਇਲਾਵਾ, NCS ਬੱਚਿਆਂ ਦੇ ਮਾਪਿਆਂ ਦੇ ਢੁਕਵੀਂ ਜਾਣਕਾਰੀ ਬ੍ਰਾਉਜ਼ ਕਰਨ ਦੀ ਪ੍ਰਮੁਖਤਾ ਨੂੰ ਸੌਖਾ ਬਨਾਉਣ ਲਈ ਅਸੀ ਚਾਹੁੰਦੇ ਹਾਂ ਕਿ ਕਿੰਡਰਗਾਰਟਨ ਸਕੂਲ ਦੇ ਵੈਬਪੇਜਾਂ ਤੇ ਕਿੰਡਰਗਾਰਟਨ ਵਿੱਚ K1ਦਾਖਿਲਾ ਵਿਵਸਥਾ ਤੇ EDB ਵੈਬਪੇਜ ਦੇ ਅੰਗਰੇਜੀ ਸੰਸਕਰਣ ਦੇ ਲਿੰਕ ਅਤੇ ਕਿੰਡਰਗਾਰਟਨ ਅਤੇ ਕਿੰਡਰਗਾਰਟਨ-ਸਹ-ਬਾਲ-ਦੇਖਭਾਲ ਕੇਂਦਰ ਦੇ ਪ੍ਰੋਫ਼ਾਇਲ ਦੇ ਵੈਬਪੇਜ ਵਿੱਚ ਸਕੂਲ ਦੀ ਜਾਣਕਾਰੀ ਨੂੰ ਵਿਖਾਣ ਵਾਲੇ ਵੈਬਪੇਜ ਉਪਲਬਧ ਕਰਵਾਣ। ਕਿੰਡਰਗਾਰਟਨ ਨੂੰ ਸਕੂਲ ਦੇ ਵੈਬਪੇਜਾਂ ਤੇ ਸਾਫ਼ ਤੌਰ ਤੇ ਇਹ ਵਿਖਾਣ ਲਈ ਯਾਦ ਦਵਾਇਆ ਜਾਂਦਾ ਹੈ ਕਿ NCS-ਬੱਚਿਆਂ ਦੇ ਨਾਲ ਇੰਟਰਵਿਊ ਦੇ ਦੌਰਾਨ ਜ਼ਰੂਰਤ ਹੋਣ 'ਤੇ ਵਿਆਖਿਆ ਜਾਂ ਅਨੁਵਾਦ ਸੇਵਾਵਾਂ ਦੀ ਵਿਵਸਥਾ ਕੀਤੀ ਜਾ ਸਕਦੀ ਹੈ, ਜਾਂ ਸੰਚਾਰ ਦੀ ਸਹੂਲਤ ਲਈ ਮਾਪੇ ਅਤੇ ਬੱਚੇ ਚੀਨੀ ਬੋਲਣ ਵਾਲੇ ਰਿਸ਼ਤੇਦਾਰ ਜਾਂ ਦੋਸਤ ਦੇ ਨਾਲ ਆ ਸਕਦੇ ਹਨ। ਕਿੰਡਰਗਾਰਟਨ ਨੂੰ ਸਕੂਲ ਦੇ ਵੈਬਪੇਜਾਂ ਤੇ NCS ਬੱਚਿਆਂ ਲਈ ਸਕੂਲ ਦੇ ਸਹਿਜੋਗ ਦੀ ਜਾਣਕਾਰੀ, NCS ਬੱਚਿਆਂ ਦੇ ਮਾਪਿਆਂ ਲਈ ਪੁਛਗਿਛ ਟੇਲੀਫ਼ੋਨ ਨੰਬਰ ਅਤੇ ਈਮੈਲ ਪਤਾ ਪ੍ਰਦਾਨ ਕਰਨਾ ਚਾਹੀਦਾ।

- ਸਕੂਲਾਂ ਦੀ ਚੋਣ ਕਰਨ ਵੇਲੇ ਮਾਪਿਆਂ ਦੇ ਸੰਦਰਭ ਲਈ ਹਰ ਕਿੰਡਰਗਾਰਟਨ 'ਤੇ ਜਾਣਕਾਰੀ ਪ੍ਰਦਾਨ ਕਰਨ ਲਈ ਕਿੰਡਰਗਾਰਟਨ ਅਤੇ ਕਿੰਡਰਗਾਰਟਨ-ਕਮ-ਚਾਈਲਡ ਕੇਅਰ ਸੈਂਟਰਾਂ ਦੀ ਪ੍ਰੋਫਾਈਲ ਹਰ ਸਾਲ ਚੀਨੀ ਅਤੇ ਅੰਗਰੇਜ਼ੀ ਦੋਵਾਂ ਵਿੱਚ ਪ੍ਰਕਾਸ਼ਿਤ ਕੀਤੀ ਜਾਂਦੀ ਹੈ। 2018 ਤੋਂ ਸ਼ੁਰੂ, ਕਿੰਡਰਗਾਰਟਨ ਇੱਕ ਨਵਾਂ ਕਾਲਮ "NCS ਵਿਦਿਆਰਥੀਆਂ ਲਈ ਸਹਾਇਤਾ", ਉਹਨਾਂ ਦੇ NCS ਵਿਦਿਆਰਥੀਆਂ ਨੂੰ ਪ੍ਰਦਾਨ ਕੀਤੀ ਜਾਂਦੀ ਸਹਾਇਤਾ ਨਿਰਧਾਰਿਤ ਕਰਨ ਲਈ ਸ਼ਾਮਿਲ ਕੀਤਾ ਗਿਆ ਹੈ।

- ਸਤੰਬਰ 2018 ਤੋਂ ਸ਼ੁਰੂ ਕਰਦਿਆਂ, EDB ਨੇ NCS ਬੱਚਿਆਂ ਦੇ ਮਾਪਿਆਂ ਲਈ ਕਿੰਡਰਗਾਰਟਨ ਵਿੱਚ ਦਾਖਲੇ ਬਾਰੇ ਉਨ੍ਹਾਂ ਦੀ ਪੁੱਛਗਿੱਛ ਨੂੰ ਸੌਖਾ ਬਣਾਉਣ ਲਈ ਇੱਕ ਹਾਟਲਾਈਨ (ਟੇਲੀਫੋਨ ਨੰਬਰ: 2892 6676) ਸਥਾਪਿਤ ਕੀਤਾ ਹੈ।

- ਆਪਣੇ ਰੋਜ਼ਾਨਾ ਦੇ ਸੰਪਰਕ ਵਿੱਚ NCS ਬੱਚਿਆਂ ਦੇ ਮਾਪਿਆਂ ਲਈ

ਦੇਖਭਾਲ ਅਤੇ ਚਿੰਤਾ ਜ਼ਾਹਿਰ ਕਰਨ ਲਈ 'ਤੇ ਸਕੂਲ ਨੂੰ ਵਧੇਰੇ ਸ਼ਮੂਲੀਅਤ ਵਾਲਾ ਵਾਤਾਵਰਣ ਬਣਾਉਣ ਲਈ ਵੱਖ-ਵੱਖ ਨਸਲਾਂ ਦੀਆਂ ਭਾਸ਼ਾਵਾਂ ਵਿੱਚ ਆਡੀਓ ਫਾਈਲਾਂ ਵਾਲੇ ਕਿਊ ਕਾਰਡਾਂ ਦਾ ਇੱਕ ਸਮੂਹ ਕਿੰਡਰਗਾਰਟਨ ਨੂੰ ਪ੍ਰਦਾਨ ਕੀਤਾ ਗਿਆ ਹੈ।

- NCS ਬੱਚਿਆਂ ਦੇ ਮਾਪਿਆਂ ਦੇ ਸੰਦਰਭ ਲਈ ਢੁਕਵੀਂ ਪ੍ਰਚਾਰ ਸਮੱਗਰੀ ਜਿਵੇਂ ਕਿ ਪਰਚੇ, ਪੋਸਟਰ, ਅਰਜ਼ੀ ਫਾਰਮ ਅਤੇ "ਕਿੰਡਰਗਾਰਟਨ ਦੇ ਦਾਖਲੇ ਲਈ ਰਜਿਸਟ੍ਰੇਸ਼ਨ ਸਰਟੀਫਿਕੇਟ ਲਈ ਅਰਜ਼ੀ" 'ਤੇ ਮਾਰਗਦਰਸ਼ਨ ਨੋਟਸ, ਅਤੇ ਨਾਲ ਹੀ ਟੈਲੀਵਿਜ਼ਨ ਘੋਸ਼ਣਾਵਾਂ ਦੇ ਉਪਸਿਰਲੇਖ ਦਾ ਵਿਭਿੰਨ ਨਸਲਾਂ ਦੀਆਂ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ ਹੈ।

- NCS ਬੱਚਿਆਂ ਦੇ ਮਾਪਿਆਂ ਨੂੰ ਜਾਣਕਾਰੀ ਪਹੁੰਚਾਉਣ ਲਈ ਉਨ੍ਹਾਂ ਦੇ ਨੈਟਵਰਕ ਦਾ ਲਾਭ ਉਠਾਉਣ ਦੇ ਵਿਚਾਰ ਨਾਲ ਵਿਭਿੰਨ ਨਸਲਾਂ ਦੇ ਸਮੂਹਾਂ ਦੀ ਸੇਵਾ ਕਰਨ ਵਾਲੀਆਂ ਗੈਰ-ਸਰਕਾਰੀ ਸੰਗਠਨਾਂ ਲਈ ਕਿੰਡਰਗਾਰਟਨ ਵਿੱਚ ਦਾਖਲੇ ਬਾਰੇ ਸੰਖੇਪ ਸੈਸ਼ਨ ਦਾ ਆਯੋਜਨ ਕੀਤਾ ਜਾਂਦਾ ਸੀ । ਬਰਾਬਰ ਮੌਕੇ ਦੀ ਕਮਿਸ਼ਨ ਨੂੰ ਵਿਦਿਆਰਥੀਆਂ ਦੇ ਦਾਖਲੇ ਦੇ ਬਰਾਬਰ ਮੌਕਿਆਂ ਲਈ ਬ੍ਰੀਫ਼ ਕਿੰਡਰਗਾਰਟਨ ਨੂੰ ਬੁਲਾਉਣ ਲਈ ਸੱਦਾ ਦਿੱਤਾ ਜਾਂਦਾ ਹੈ।

- ਜੇਕਰ ਵਿਅਕਤੀਗਤ NCS ਬੱਚਿਆਂ ਨੂੰ ਦਾਖਲੇ ਲਈ ਅਰਜ਼ੀ ਦੇਣ ਵਿੱਚ ਮੁਸ਼ਕਿਲ ਆਉਂਦੀ ਹੈ, EDB ਕਿੰਡਰਗਾਰਟਨ ਸਿੱਖਿਆ ਯੋਜਨਾ (Scheme-KGs) ਵਿੱਚ ਸ਼ਾਮਿਲ ਹੋਣ ਵਾਲੇ ਕਿੰਡਰਗਾਰਟਨ ਲਈ ਉਚਿਤ ਤੌਰ 'ਤੇ ਰੈਫਰ ਕਰੇਗਾ ਜਿਸ ਦੇ ਅਜੇ ਵੀ ਸਥਾਨ ਖਾਲੀ ਹਨ।

- ਆਮ ਤੌਰ 'ਤੇ ਵਰਤੇ ਜਾਂਦੇ ਕਿੰਡਰਗਾਰਟਨ ਦੇ ਟੈਂਪਲੇਟ ਸਰਕੂਲਰਾਂ ਦਾ ਮਾਪਿਆਂ ਲਈ ਅੰਗਰੇਜ਼ੀ ਅਤੇ ਵਿਭਿੰਨ ਨਸਲਾਂ ਦੀਆਂ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ ਹੈ ਅਤੇ ਕਿੰਡਰਗਾਰਟਨ ਨੂੰ NCS ਬੱਚਿਆਂ ਦੇ ਮਾਪਿਆਂ ਨਾਲ ਉਨ੍ਹਾਂ ਦੇ ਸੰਚਾਰ ਵਿੱਚ ਵਾਧਾ ਕਰਨ ਲਈ ਸਹਾਇਤਾ ਦੇਣ ਲਈ EDB ਦੇ ਵੈਬਪੇਜ਼ ਤੇ ਅਪਲੋਡ ਕੀਤਾ ਗਿਆ ਹੈ।

ਭਵਿੱਖ ਦੇ ਕੰਮ ਦਾ ਮੁਲਾਂਕਣ

- EDB NCS ਵਿਦਿਆਰਥੀਆਂ ਲਈ ਸਿੱਖਿਆ ਸੇਵਾਵਾਂ ਦੇ ਸਮਰਪਿਤ ਵੈੱਬਪੇਜ ਨੂੰ ਅਨੁਕੂਲ ਬਣਾਉਣਾ ਜਾਰੀ ਰੱਖੇਗਾ। ਢੁਕਵੀਂ ਜਾਣਕਾਰੀ ਦੇ ਪਰਚੇ ਵੀ ਜ਼ਰੂਰੀ ਹੋਣ 'ਤੇ ਅੱਪਡੇਟ ਕੀਤੇ ਜਾਣਗੇ। ਇਸ ਤੋਂ ਇਲਾਵਾ, EDB ਸਕੂਲਾਂ ਨੂੰ ਸਕੂਲ ਪ੍ਰੋਫਾਈਲਾਂ ਦੀ ਚੀਨੀ ਅਤੇ ਅੰਗਰੇਜੀ ਸੰਸਕਰਣ ਦੀ ਸਮੱਗਰੀ ਨੂੰ ਲਗਾਤਾਰ ਭਰਪੂਰ ਬਣਾਉਣ ਲਈ ਅਤੇ NCS ਵਿਦਿਆਰਥੀਆਂ ਦੇ ਮਾਪਿਆਂ ਦੇ ਸੰਦਰਭ ਲਈ ਉਨ੍ਹਾਂ ਦੇ ਸਕੂਲ ਅਧਾਰਤ ਸਹਾਇਤਾ ਉਪਾਆਂ ਦੇ ਸੰਬੰਧ ਵਿੱਚ NCS ਵਿਧਿਆਰਥੀਆਂ ਲਈ ਆਪਣੇ ਵੈੱਬਪੇਜਾਂ ਤੇ ਵਧੇਰੀ ਜਾਣਕਾਰੀ ਪ੍ਰਦਾਨ ਕਰਨ ਲਈ ਦੇ ਉਤਸ਼ਾਹਿਤ ਕਰਦਾ ਹੈ।

ਕੀਤੇ ਗਏ/ਕੀਤੇ ਜਾਣ ਵਾਲੇ ਵਾਧੂ ਉਪਾਅ

*ਮਾਪਿਆਂ ਦੀ ਸਿੱਖਿਆ ਨੂੰ ਮਜ਼ਬੂਤ ਕਰਨਾ*

- 2020/21 ਸਕੂਲੀ ਸਾਲ ਵਿੱਚ, EDB ਨੇ NCS ਵਿਦਿਆਰਥੀਆਂ ਦੇ ਮਾਪਿਆਂ ਲਈ, ਮਾਪਿਆਂ ਲਈ ਸਿੱਖਿਆ ਪ੍ਰੋਗਰਾਮਾਂ ਦੀ ਲੜੀ ਪ੍ਰਦਾਨ ਕਰਨ ਲਈ ਇੱਕ ਗੈਰ-ਸਰਕਾਰੀ ਸੰਗਠਨ ਅਤੇ ਇੱਕ ਪੋਸਟ-ਸੈਕੰਡਰੀ ਸੰਸਥਾ ਦੀ ਸਥਾਪਨਾ ਕੀਤੀ, ਜਿਸ ਵਿੱਚ ਅਭਿਭਾਵਕ ਸ਼ਿਖਿਆ ਗਲਬਾਤ ਸਹ ਪ੍ਰਦਰ੍ਸ਼ਨੀ ਅਤੇ ਕਮਿਊਨਿਟੀ ਗਤਿਵਿਧਿਆਂ ਸ਼ਾਮਲ ਹਨ। ਤਾਂ ਜੋ ਉਨ੍ਹਾਂ ਦੀ ਉਨ੍ਹਾਂ ਦੇ ਬੱਚਿਆਂ ਦੀ ਸਿੱਖਣ ਵਿੱਚ ਸਹਾਇਤਾ ਦੇਣ ਨਾਲ, ਉਨ੍ਹਾਂ ਦੇ ਬੱਚਿਆਂ ਨੂੰ ਚੀਨੀ ਭਾਸ਼ਾ ਵਿੱਚ ਮੁਹਾਰਤ ਹਾਸਲ ਕਰਨ ਲਈ ਉਤਸ਼ਾਹਿਤ ਕਰਕੇ ਮਦਦ ਕੀਤੀ ਜਾ ਸਕੇ, ਅਤੇ ਉਹਨਾਂ ਨੂੰ ਆਪਣੇ ਬੱਚਿਆਂ ਲਈ ਉਪਲੱਬਧ ਵਧੇਰੇ ਮਾਰਗਾਂ ਬਾਰੇ ਇੱਕ ਵਿਆਪਕ ਸਮਝ ਪਾਨ ਵਿੱਚ ਸਹਾਇਤਾ ਮਿਲੇ ।

*ਸੰਚਾਰ ਦੀ ਸਹੂਲਤ*

- Scheme-KGs ਨੂੰ ਆਪਣੇ ਸਕੂਲ ਦੇ ਵੈਬਪੇਜਾਂ ਨੂੰ ਵਧਾਉਣ ਵਿੱਚ ਸਹਾਇਤਾ ਕਰਨ ਲਈ ਅਤੇ ਇਹ ਯਕੀਨੀ ਬਨਾਉਣ ਲਈ ਕਿ ਚੀਨੀ ਅਤੇ ਅੰਗਰੇਜੀ ਦੋਵਾਂ ਵਿੱਚ ਸਕੂਲਾਂ ਦੀ ਜਾਣਕਾਰੀ ਮਾਪਿਆਂ ਦੇ ਹਵਾਲੇ ਲਈ ਪ੍ਰਦਾਨ ਕੀਤੀ ਗਈ ਹੈ, 2020/21 ਸਕੂਲੀ ਸਾਲ ਵਿੱਚ, EDB ਨੇ ਸਾਰੀਆਂ Scheme-KGs ਨੂੰ ਇੱਕ-ਬਾਰੀ ਵੈਬਸਾਈਟ ਸੁਧਾਰ ਗ੍ਰਾਂਟ ਪ੍ਰਦਾਨ ਕੀਤੀ ਹੈ। ਸਾਰਿਆ Scheme-KGs ਨੂੰ ਚੀਨੀ ਅਤੇ ਅੰਗਰੇਜੀ ਦੋਵਾਂ ਵਿੱਚ ਸਕੂਲ ਦੀ ਬੁਨਿਆਦੀ ਜਾਣਕਾਰੀ ਦੇਣੀ ਚਾਹੀਦੀ ਹੈ, ਜਿਸ ਵਿੱਚ ਸਕੂਲ ਦਾ ਇੰਟ੍ਰੋਡਕਸ਼ਨ, ਦਾਖਲੇ ਦੇ ਪ੍ਰਬੰਧ ਦੀ ਜਾਣਕਾਰੀ, ਸਕੂਲ ਫੀਸ, NCS ਬੱਚਿਆਂ ਲਈ ਸਕੂਲ ਦੀ ਸਹਾਇਤਾ ਆਦਿ ਸ਼ਾਮਲ ਹਨ। ਸਕੂਲਾਂ ਦੇ ਆਪਣੇ ਵੈਬਪੇਜਾਂ ਦੇ ਵਾਧੇ ਲਈ ਸਹਾਇਤਾ ਕਰਨ ਲਈ, EDB ਨੇ ਹਰੇਕ ਸਕੂਲ ਨੂੰ $10,000 ਦੀ ਗ੍ਰਾਂਟ ਪ੍ਰਦਾਨ ਕੀਤੀ ਹੈ। ਜਿਹੜੇ ਸਕੂਲ ਚੀਨੀ ਅਤੇ ਅੰਗਰੇਜੀ ਦੋਵਾਂ ਵਿੱਚ ਆਪਣੇ ਵੈਬਪੇਜਾਂ ਤੇ ਸਾਰੀ ਜਾਣਕਾਰੀ ਪ੍ਰਦਾਨ ਕਰਦੇ ਹਨ ਉਨ੍ਹਾਂ ਲਈ $20,000 ਦੀ ਗ੍ਰਾਂਟ ਪ੍ਰਦਾਨ ਕੀਤੀ ਗਈ ਹੈ।

## ਪੁੱਛਗਿੱਛ

ਨਸਲੀ ਬਰਾਬਰੀ ਨੂੰ ਉਤਸ਼ਾਹਿਤ ਕਰਨ 'ਤੇ ਮੌਜੂਦਾ ਅਤੇ ਯੋਜਨਾਬੱਧ ਉਪਾਅਾਂ ਬਾਰੇ ਪੁੱਛਗਿੱਛ ਲਈ, ਕ੍ਰਿਪਾ ਕਰਕੇ ਹੇਠ ਦਿੱਤੇ ਚੈਨਲਾਂ ਰਾਹੀਂ ਸਹਾਇਕ ਸਿੱਖਿਆ ਅਫਸਰਾਂ (ਸਿੱਖਿਆ ਕਮਿਸ਼ਨ) ਨਾਲ ਸੰਪਰਕ ਕਰੋ –


| | | |
|---|---|---|
| ਨਾਮ | : | Ms Candy LAI / Mr Kelvin CHEUNG |
| ਔਹਦਾ | : | ਸਹਾਇਕ ਸਿੱਖਿਆ ਅਫਸਰ (ਸਿੱਖਿਆ ਕਮਿਸ਼ਨ)1/<br>ਸਹਾਇਕ ਸਿਖਿਆ ਅਫਸਰ (ਸਿਖਿਆ ਕਮੀਸ਼ਨ)2 |
| ਟੈਲੀਫੋਨ ਨੰ. | : | 3509 8569 / 3509 8572 |
| ਫੈਕਸ ਨੰ. | : | 2537 4591 |
| ਈ - ਮੇਲ | : | aeoec1@edb.gov.hk / aeoec2@edb.gov.hk |
| ਡਾਕ ਪਤਾ | : | 7/F, East Wing, Central Government Offices, 2 Tim Mei Avenue, Tamar, Hong Kong |


**ਸਿੱਖਿਆ ਬਿਊਰੋ**
**ਜੂਨ 2021**